ਵਿਆਹਾਂ ਵਾਸਤੇ ਭਾਜੀ, ਨਿਸ਼ਾਨੀ, ਤਾਜਾ ਮਠਿਆਈ ਅਤੇ
ਹਰ ਤਰ੍ਹਾਂ ਦੀ ਕੇਟਰਿੰਗ ਵਾਸਤੇ ਸੰਪਰਕ ਕਰੋ
250-730-4000, 855-800-6582
ਵੀਰਜੀ ਹਵੇਲੀ ਕਲੀਅਰਬਰੁੱਕ ਰੋਡ ਐਬਟਸਫੋਰਡ

+91 77175-02848 +91 98146-12006 +91 99882-68982
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ (ਇਸ਼ਤਿਹਾਰ ਸਫਾ ਬੀ24 ਤੇ ਦੇਖੋ)
+1 778-899-1576 +1 778-207-8100
EAGLE EYE
PICK & DROP CAR RENTALS & TAXI SERVICE 24 HOURS

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਪੰਜਾਬ ਐਬਟਸਫੋਰਡ
# ਗਾਰਡੀਅਨ
PUNJAB GUARDIAN
B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish
ALBERTA Edmonton Calgary
ONTARIO Ottawa, Brampton Toronto
QUEBEC Montreal
USA Greater Seattle, Everett, Marysville Portland, Bellingham, Bellvue, Lyndon, Lynnwood
Tel: 604-590-5200 Fax:604-596-5700 Toll Free: 1-877-584-5200 Vol. 33, Issue No. 04 Ending Date: Jan 23, 2026

ਲਖਜੀਤ ਸਿੰਘ ਸਾਰੰਗ
604-613-9100
Super Visa
Travel, Disability
Group Insurance
Life Insurance
Critical Illness
RESP, RRSP
TFSA, FHSA
EXPERIOR FINANCIAL GROUP INC.
LAKHJIT SARAN
604-613-9100

# ਚੀਨ ਨਹੀਂ ਮੰਨਦਾ ਭਾਰਤ ਦੇ ਇਤਰਾਜ਼

## ਭਾਰਤ ਦੇ ਇਤਰਾਜ਼ਾਂ ਮਗਰੋਂ ਚੀਨ ਨੇ ਸ਼ਕਸਗਾਮ ਵਾਦੀ ’ਤੇ ਖੇਤਰੀ ਦਾਅਵੇ ਦੁਹਰਾਏ

ਬੀਜਿੰਗ:-ਚੀਨ ਨੇ ਭਾਰਤ ਦੇ ਇਤਰਾਜ਼ਾਂ ਦੇ ਪਿਛੋਕੜ ਵਿੱਚ ਸ਼ਕਸਗਾਮ ਵਾਦੀ ’ਤੇ ਆਪਣੇ ਖੇਤਰੀ ਦਾਅਵੇ ਦੁਹਰਾਏ ਹਨ।ਚੀਨ ਨੇ ਜ਼ੋਰ ਦੇ ਕੇ ਕਿਹਾ ਕਿ ਇਸ ਖੇਤਰ ਵਿੱਚ ਚੀਨੀ ਬੁਨਿਆਦੀ ਢਾਂਚੇ ਦੇ ਪ੍ਰਾਜੈਕਟ ਇਤਰਾਜ਼ਾਂ ਤੋਂ ਪਰੇ ਹਨ।ਭਾਰਤ ਨੇ ਪਿਛਲੇ ਸ਼ੁੱਕਰਵਾਰ ਨੂੰ ਸ਼ਕਸਗਾਮ ਵਾਦੀ ਵਿੱਚ ਚੀਨ ਦੇ ਬਨਿਆਦੀ ਢਾਂਚੇ ਦੇ ਵਿਕਾਸ ਪ੍ਰਾਜੈਕਟਾਂ ਦੀ ਆਲੋਚਨਾ ਕੀਤੀ ਸੀ।ਭਾਰਤ ਨੇ ਕਿਹਾ ਸੀ ਕਿ ਇਹ ਭਾਰਤੀ ਖੇਤਰ ਹੈ ਅਤੇ ਉਹ ਆਪਣੇ ਹਿੱਤਾਂ ਦੀ ਰਾਖੀ ਲਈ ਲੋੜੀਂਦੇ ਕਦਮ ਚੁੱਕਣ ਦਾ ਅਧਿਕਾਰ ਰੱਖਦਾ ਹੈ।ਪਾਕਿਸਤਾਨ ਨੇ 1963 ਵਿੱਚ ਆਪਣੇ ਨਾਜਾਇਜ਼ ਕਬਜ਼ੇ ਵਾਲੇ ਖੇਤਰਾਂ ਵਿੱਚੋਂ ਸ਼ਕਸਗਾਮ ਵਾਦੀ ਦਾ 5180 ਵਰਗ ਕਿਲੋਮੀਟਰ ਭਾਰਤੀ ਖੇਤਰ ਗ਼ੈਰ-ਕਾਨੂੰਨੀ ਢੰਗ ਨਾਲ ਚੀਨ ਨੂੰ ਸੌਂਪ ਦਿੱਤਾ ਸੀ।ਉੱਧਰ, ਚੀਨੀ ਵਿਦੇਸ਼ ਮੰਤਰਾਲੇ ਦੀ ਤਰਜਮਾਨ ਮਾਓ ਨਿੰਗ ਨੇ ਇੱਥੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ, ‘‘ਜਿਸ ਖੇਤਰ ਦਾ ਤੁਸੀਂ ਜ਼ਿਕਰ ਕੀਤਾ ਹੈ ਉਹ ਚੀਨ ਦੇ ਖੇਤਰ ਦਾ ਹਿੱਸਾ ਹੈ।’’

ਇੱਕ ਸਵਾਲ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ, ‘‘ਚੀਨ ਦੇ ਆਪਣੇ ਖੇਤਰ ਵਿੱਚ ਬੁਨਿਆਦੀ ਢਾਂਚੇ ਦੀਆਂ ਗਤੀਵਿਧੀਆਂ ਇਤਰਾਜ਼ਾਂ ਤੋਂ ਪਰੇ ਹਨ।’’ ਮਾਓ ਨਿੰਗ ਨੇ ਕਿਹਾ ਕਿ ਚੀਨ ਅਤੇ ਪਾਕਿਸਤਾਨ ਨੇ ਸਰਹੱਦੀ ਸਮਝੌਤਾ ਸਹੀਬੱਧ ਕੀਤਾ ਹੈ ਅਤੇ 1960 ਦੇ ਦਹਾਕੇ ਤੋਂ



ਦੋਹਾਂ ਦੇਸ਼ਾਂ ਵਿਚਕਾਰ ਸਰਹੱਦ ਨਿਰਧਾਰਤ ਕੀਤੀ ਹੋਈ ਹੈ।ਇਹ ਪ੍ਰਭੂਸੱਤਾ ਸੰਪੰਨ ਦੇਸ਼ਾਂ ਵਜੋਂ ਪਾਕਿਸਤਾਨ ਅਤੇ ਚੀਨ ਦੇ ਅਧਿਕਾਰ ਹਨ।

## ਟੋਰਾਂਟੋ ਹਵਾਈ ਅੱਡੇ ’ਤੇ ਇਕ ਗ੍ਰਿਫ਼ਤਾਰ:ਸਿਮਰਨ ਪ੍ਰੀਤ ਪਨੇਸਰ ਹਾਲੇ ਵੀ ਫਰਾਰ

ਟਰਾਂਟੋ:-ਕੈਨੇਡਾ ਦੇ ਪੀਲ ਖੇਤਰ ਵਿੱਚ ਪੁਲੀਸ ਨੇ ਦੇਸ਼ ਵਿਚ ਸੋਨੇ ਦੀ ਸਭ ਤੋਂ ਵੱਡੀ ਚੋਰੀ ਨਾਲ ਸਬੰਧਤ ਇਕ ਜਣੇ ਨੂੰ ਗ੍ਰਿਫ਼ਤਾਰ ਕੀਤਾ ਹੈ ਜੋ ਪ੍ਰਾਜੈਕਟ 24ਖ ਸਬੰਧੀ ਜਾਂਚ ਵਿਚ ਲੋੜੀਂਦਾ ਸੀ। ਇਹ ਮਾਮਲਾ 2.2 ਕਰੋੜ ਡਾਲਰ ਤੋਂ ਵੱਧ ਮੁੱਲ ਦੀਆਂ ਸੋਨੇ ਦੀਆਂ ਬਾਰਾਂ ਦੀ ਚੋਰੀ ਨਾਲ ਸਬੰਧਤ ਹੈ। ਇਹ ਦੇਸ਼ ਦੇ ਇਤਿਹਾਸ ਵਿੱਚ ਸੋਨੇ ਦੀ ਸਭ ਤੋਂ ਵੱਡੀ ਚੋਰੀ ਹੈ। ਪੀਲ ਖੇਤਰੀ ਪੁਲੀਸ ਦੀ ਵੈੱਬਸਾਈਟ ’ਤੇ ਕਿਹਾ ਗਿਆ ਹੈ ਕਿ 43 ਸਾਲਾ ਅਰਸਲਾਨ ਚੌਧਰੀ ਨੂੰ ਸੋਮਵਾਰ ਨੂੰ ਟੋਰਾਂਟੋ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡੇ ’ਤੇ ਉਸ ਵੇਲੇ ਗ੍ਰਿਫਤਾਰ ਕੀਤਾ ਗਿਆ ਜਦੋਂ ਉਹ ਦੁਬਈ, ਸੰਯੁਕਤ ਅਰਬ ਅਮੀਰਾਤ ਤੋਂ ਇੱਕ ਉਡਾਣ ਰਾਹੀਂ ਇੱਥੇ ਆਇਆ। ਪੁਲੀਸ ਨੇ ਕਿਹਾ ਹੈ ਕਿ ਚੌਧਰੀ ਦਾ ਕੋਈ ਪੱਕਾ ਪਤਾ ਨਹੀਂ ਹੈ। ਪਹਿਲਾਂ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਉਹ ਮਿਸੀਸਾਗਾ ਨਾਲ ਸਬੰਧਤ ਹੈ। ਉਸ ‘ਤੇ $5,000 ਤੋਂ ਵੱਧ ਦੀ ਚੋਰੀ, ਜਾਇਦਾਦ ’ਤੇ ਕਬਜ਼ਾ ਕਰਨ ਅਤੇ ਇੱਕ ਹੋਰ ਜਣੇ ਨਾਲ ਵਾਰਦਾਤ ਦੀ ਸਾਜ਼ਿਸ਼ ਰਚਣ ਦੇ ਦੋਸ਼ ਲਗਾਏ ਗਏ ਹਨ।ਚੌਧਰੀ ਨੂੰ ਬਰੈਂਪਟਨ ਵਿੱਚ ਓਨਟਾਰੀਓ ਕੋਰਟ ਆਫ਼ ਜਸਟਿਸ ਵਿੱਚ ਪੇਸ਼ ਕੀਤਾ ਗਿਆ।

ਇਹ ਮਾਮਲਾ 17 ਅਪਰੈਲ, 2023 ਦਾ ਹੈ, ਜਦੋਂ ਸਵਿਟਜ਼ਰਲੈਂਡ ਦੇ ਜ਼ਿਊਰਿਕ ਤੋਂ ਇੱਕ ਉਡਾਣ ਟੋਰਾਂਟੋ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡੇ ’ਤੇ ਸਾਮਾਨ ਲੈ ਕੇ ਉਤਰੀ ਜਿਸ ਵਿਚ 400 ਕਿਲੋ ਦੇ .9999-ਸ਼ੁੱਧ



ਸੋਨੇ ਦੀ ਖੇਪ ਸੀ। ਇਸ ਵਿਚ 6,600 ਸੋਨੇ ਦੀਆਂ ਬਾਰਾਂ ਸਨ ਜਿਨ੍ਹਾਂ ਦਾ ਮੁੱਲ $20 ਮਿਲੀਅਨ ਤੋਂ ਵੱਧ ਸੀ।

Space Available for your Ad
ਪੰਜਾਬ ਗਾਰਡੀਅਨ ਨਾਲ
ਐਡ ਪਾਉ ਅਤੇ ਆਪਣਾ
ਬਿਜ਼ਨਸ ਵਧਾਓ
Call to Advertise 604-590-5200

ਸੁਪਰ ਵੀਜ਼ਾ
ਦੇ ਲਈ ਵਿਜ਼ਟਰ ਇਨਸ਼ੋਰੈਂਸ
ਜਸਵੀਰ ਗਰੇਵਾਲ
778 317 6262
ਆਪਣਾ ਜੀਵਨ ਬੀਮਾ ਕਰਵਾਉਣ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

TRANSWORLD TRAVEL
ਗੇੜਾ ਜਿੱਥੇ ਮਰਜੀ ਲਾਉ, ਸਸਤੀ ਟਿਕਟ ਸਾਡੇ ਕੋਲੋਂ ਹੀ ਬਣਵਾਉ
ਇੰਡੀਆ ਲਈ ਸਸਤੀਆਂ ਸਿੱਧੀਆਂ ਟਿਕਟਾਂ ਲਊ
ਪੈਸੇ ਭੇਜਣ ਜਾਂ ਮੰਗਵਾਉਣ ਲਈ ਸੰਪਰਕ ਕਰੋ
Air Canada Direct YVR to Delhi
ਸੰਤੋਖ ਸਿੰਘ ਸਿੱਧੂ
604-852-2204

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ ‘ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਪੰਜਾਬ ਗਾਰਡੀਅਨ
Call to Advertise
604-590-5200

ਗੁਰੂ ਨਾਨਕ ਜਿਊਲਰਜ਼ ਲਿਮ.
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

ਨਵੇਂ ਅਤੇ ਪੁਰਾਣੇ ਟਰੱਕ ਅਤੇ ਟਰੇਲਰ, ਬੱਸਾਂ ਖਰੀਦਣ ਲਈ
ਇਕ ਸਟਾਪ ਮੰਜ਼ਿਲ
ਵਧੇਰੇ ਜਾਣਕਾਰੀ ਲਈ ਫੋਨ ਕਰੋ:672-727-9560
(ਇਸ਼ਤਿਹਾਰ ਸਫਾ ਬੀ-7 ਤੇ ਦੇਖੋ)

J&J FRESH LOOK HOMES LTD..
ਫਰੇਮਿੰਗ ਦੇ ਕਈ ਸਾਲਾਂ ਦੇ ਤਰਜਬੇ ਤੋਂ ਬਾਦ ਹੁਣ ਮੁਕੰਮਲ ਘਰ ਬਣਾਉਣ ਦਾ ਕੰਮ ਸ਼ੁਰੂ
*Custom Houses *Project Management *Residential *Buildings
Jarnail Singh Maan:
604.832.9308
maanjarnail@gmail.com
#136-1779 Clearbrook Rd, Abbotsford

MOHIE Travel Ltd.
#136-1779 Clearbrook Rd, Abbotsford
• DOMESTIC & INTERNATIONAL TICKETS • TOURS , CRUISES
ਅਸੀਂ ਪਾਸਪੋਰਟ ਬਣਾਉਣ ਲਈ ਹਰੇਕ ਤਰ੍ਹਾਂ ਦੇ ਫਾਰਮ ਭਰਦੇ ਹਾਂ
ਟਰੈਵਲ ਟਿਕਟ ਸਰਵਿਸਿਜ਼
Contact Jarnail S Maan
604-746-9222
Email:mohietravel@gmail.com

Universal Auto Collision Ltd.
We Moved To New Location
27441-FRASER HWY. ALDERGROVE, BC
ਆਈ. ਸੀ. ਬੀ. ਸੀ. ਕਲੇਮਜ਼ ਪ੍ਰਾਈਵੇਟ ਕਲੇਮਜ਼ ਫਰੀ ਐਸਟੀਮੇਟ ਫਰੀ ਕਰਟਸੀ ਕਾਰ ਆਟੋ ਗਲਾਸ ਰਿਪਲੇਸਮੈਂਟ
• ICBC Claims • Private Claims • Free Courtesy Cars • Auto Glass Replacement • Free Estimates
Fax: 604-596-3800 Ph. 604-596-2800 Satisfaction Guarantee

PACIFIC NURSERIES
*Certified Imported from USA *High Quality & Healty Plants *Ready to Plant *Potted in One Gallon
ONLY FOR WHOLESALERS
TO BOOK YOUR ORDER CONTACT:
ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਤਿਆਰ ਹਨ 778-552-0305

FARM AND SPICE

# FARM AND SPICE

## Weekly Special

*Special Sampling in Certain Stores*

## Jan 16 - 22


ਰੁਸੇਟ
Russet Potatoes
10 Lbs
$3.99


ਅਨਾਰ
Pomegranate
each
$1.99


ਨਿੰਬੂ
Limes
4 for
$0.99


ਕੀਵੀ
Kiwi Green / Golden
1 lb 5 Pcs
$2.99


ਸੇਬ
Apple Fuji China
Per lb
$1.49


ਲੌਕੀ
Opo Long
Per lb
$1.49


ਸੰਤਰੇ
Mandarin
Per lb
$1.49


ਲਸਣ
Garlic
1 Kg each
$2.99


ਅੰਬੇ ਬੇਸਨ / ਮਕੀ ਆਟਾ
Ambay Besan / Makki Da Atta
4 Lbs
$4.99


ਨਾਨਕ ਪਨੀਰ
Nanak Fresh / Malai Paneer
341 gms
$4.99


ਸ਼ੇਰ ਬਾਸਮਤੀ
Sher Pure Long Basmati Rice
10 Lbs
$11.99


ਨਾਨਕ ਰਸਮਲਾਈ
Nanak Rasmalai Assorted / Gajrela
850 gms
$8.99


ਬਾਜ਼ ਆਟਾ
Baaz Atta
20 Lbs
$10.99


ਨਾਨਕ ਕਬਾਬ / ਪਨੀਰ ਬਾਈਟਸ
Nanak Dahi Kebab / Chilli Paneer Bites
600 / 454 gms
$8.99


ਇੰਡੀਅਨ ਭੁੰਨਿਆ ਮੂੰਗਫਲੀ
Indian Peanuts Roasted Bulk
Per lb
$3.99


ਮੈਮਪਸਟਰ ਗੋਲਗਪੇ
Mampster Golgappa
290 gms
$8.99

*while supply last

Open 7 Days a Week
8:30 am to 10:00 pm

farmandspice.com

#9546-9548 Scott Town Plaza
96 Ave Scott Road Surrey

# 09-10 12830 96 Ave.
Surrey BC | Tel: 604 930 7742

# 103-104 14320 64 Ave.
Surrey BC | Tel: 604 593 6323

# ਜੰਮੂ ਤੇ ਕਸ਼ਮੀਰ ਵੱਖ ਨਹੀਂ ਕੀਤੇ ਜਾ ਸਕਦੇ:ਫਾਰੂਕ



ਸ੍ਰੀ ਨਗਰ:-ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੂੱਲਾ ਨੇ ਅੱਜ ਸਪੱਸ਼ਟ ਕੀਤਾ ਹੈ ਕਿ ਜੰਮੂ ਅਤੇ ਕਸ਼ਮੀਰ ਅਟੁੱਟ ਹਨ ਅਤੇ ਇਨ੍ਹਾਂ ਨੂੰ ਕਦੇ ਵੀ ਇੱਕ-ਦੂਜੇ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਸਾਬਕਾ ਮੁੱਖ ਮੰਤਰੀ ਨੇ ਭਾਜਪਾ ਆਗੂ ਵੱਲੋਂ ਜੰਮੂ ਖਿੱਤੇ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਨਾਲੋਂ ਵੱਖ ਕਰ ਕੇ ਵੱਖਰਾ ਰਾਜ ਬਣਾਉਣ ਦੀ ਤਾਜ਼ਾ ਮੰਗ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ। ਨਰਵਾਲ ਫਲ ਮੰਡੀ ਦੇ ਦੌਰੇ ਦੌਰਾਨ ਸ੍ਰੀ ਅਬਦੂੱਲਾ ਨੇ ਕਿਹਾ, ''ਨਾ ਜੰਮੂ ਅਤੇ ਨਾ ਹੀ ਕਸ਼ਮੀਰ ਇੱਕ-ਦੂਜੇ ਤੋਂ ਵੱਖ ਹੋ ਸਕਦੇ ਹਨ। ਇਹ ਧੜ ਨਾਲੋਂ ਸਿਰ ਵੱਖ ਕਰਨ ਵਾਂਗ ਹੋਵੇਗਾ, ਜਿਸ ਵਿੱਚ ਜੰਮੂ ਸਿਰ ਹੈ ਅਤੇ ਕਸ਼ਮੀਰ ਧੜ।'' ਉਨ੍ਹਾਂ ਦਾਅਵਾ ਕੀਤਾ ਕਿ ਇੱਥੋਂ ਤੱਕ ਕਿ ਲੱਦਾਖ ਦੇ ਲੋਕ ਵੀ ਜੰਮੂ ਕਸ਼ਮੀਰ ਵਿੱਚ ਵਾਪਸ ਆਉਣਾ ਚਾਹੁੰਦੇ ਹਨ। ਇਹ ਵਿਵਾਦ ਉਸ ਵੇਲੇ ਭਖਿਆ ਜਦੋਂ ਹਾਲ ਹੀ ਵਿੱਚ ਭਾਜਪਾ ਵਿਧਾਇਕ ਸ਼ਾਮ ਲਾਲ ਸ਼ਰਮਾ ਨੇ ਜੰਮੂ ਨਾਲ ਕਥਿਤ ਵਿਤਕਰੇ ਦਾ ਹਵਾਲਾ ਦਿੰਦਿਆਂ ਇਸ ਨੂੰ ਵੱਖਰਾ ਕਰਨ ਦੀ ਮੰਗ ਉਠਾਈਲ ਹਾਲਾਂਕਿ, ਭਾਜਪਾ ਦੇ ਸੂਬਾ ਪ੍ਰਧਾਨ ਸਤ ਸ਼ਰਮਾ ਨੇ ਤੁਰੰਤ ਇਸ ਬਿਆਨ ਤੋਂ ਦੂਰੀ ਬਣਾਉਂਦਿਆਂ ਸਪੱਸ਼ਟ ਕੀਤਾ ਕਿ ਇਹ ਪਾਰਟੀ ਦਾ ਅਧਿਕਾਰਤ ਸਟੈਂਡ ਨਹੀਂ ਹੈ।ਸ੍ਰੀ ਅਬਦੂੱਲਾ ਨੇ ਪਾਰਟੀ ਦੇ ਸੀਨੀਅਰ ਆਗੂਆਂ ਰਤਨ ਲਾਲ ਗੁਪਤਾ ਅਤੇ ਵਿਜੈ ਲੋਚਨ ਨਾਲ ਫਲ ਮੰਡੀ ਐਸੋਸੀਏਸ਼ਨ ਦੇ ਅਹੁਦੇਦਾਰਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣੀਆਂ। ਉਨ੍ਹਾਂ ਭਰੋਸਾ ਦਿੱਤਾ ਕਿ ਐੱਨ ਸੀ ਦੀ ਅਗਵਾਈ ਹੇਠਲੀ ਸਰਕਾਰ ਲੋਕਾਂ ਦੀ ਭਲਾਈ ਲਈ ਕੰਮ ਕਰ ਰਹੀ ਹੈ ਅਤੇ ਸਾਰੇ ਵਾਅਦੇ ਪੂਰੇ ਕੀਤੇ ਜਾਣਗੇ।

## ਕੈਨੇਡਾ ਸਰਕਾਰ ਵੱਲੋਂ ਬਜ਼ੁਰਗਾਂ ਦੀ ਪੀ.ਆਰ. 'ਤੇ ਅਸਥਾਈ ਪਾਬੰਦੀ

ਵਿਨੀਪੈੱਗ- ਕੈਨੇਡਾ ਸਰਕਾਰ ਨੇ ਆਪਣੇ ਵੀਜ਼ਾ ਨੇਮ ਸਖ਼ਤ ਕਰਦਿਆਂ ਬਜ਼ੁਰਗਾਂ (ਮਾਪਿਆਂ ਅਤੇ ਦਾਦਾ-ਦਾਦੀ) ਲਈ ਸਥਾਈ ਨਿਵਾਸ ਵੀਜ਼ਾ 'ਤੇ ਅਸਥਾਈ ਤੌਰ 'ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਫ਼ੈਸਲਾ ਖ਼ਾਸ ਕਰਕੇ ਉਨ੍ਹਾਂ ਪੰਜਾਬੀ ਪਰਿਵਾਰਾਂ ਨੂੰ ਅਸਰ ਅੰਦਾਜ਼ ਕਰੇਗਾ, ਜੋ ਆਪਣੇ ਬਜ਼ੁਰਗਾਂ ਨੂੰ ਪੱਕੇ ਤੌਰ 'ਤੇ ਕੈਨੇਡਾ ਬੁਲਾਉਣਾ ਚਾਹੁੰਦੇ ਸਨ।ਇਸ ਤੋਂ ਇਲਾਵਾ ਕੈਨੇਡੀਅਨ ਸਰਕਾਰ ਨੇ ਆਪਣੇ ਦੇਖਭਾਲ ਕਰਨ ਵਾਲੇ ਪ੍ਰੋਗਰਾਮ ਨੂੰ ਵੀ ਮੁਅੱਤਲ ਕਰ ਦਿੱਤਾ ਹੈ।ਕੈਨੇਡੀਅਨ ਇਮੀਗ੍ਰੇਸ਼ਨ ਵਿਭਾਗ ਨੇ ਸਿਰਫ਼ ਸੀਨੀਅਰ ਨਾਗਰਿਕਾਂ ਲਈ ਪੀ.ਆਰ. ਨੂੰ ਮੁਅੱਤਲ ਕੀਤਾ ਹੈ।ਉਨ੍ਹਾਂ ਦੀ ਕੈਨੇਡਾ ਯਾਤਰਾ 'ਤੇ ਕੋਈ ਪਾਬੰਦੀ ਨਹੀਂ ਹੈ। ਜੇਕਰ ਉਹ ਥੋੜ੍ਹੇ ਸਮੇਂ ਲਈ ਯਾਤਰਾ ਕਰਨਾ ਚਾਹੁੰਦੇ ਹਨ, ਤਾਂ ਅਜਿਹੇ ਵੀਜ਼ਿਆਂ 'ਤੇ ਕੋਈ ਪਾਬੰਦੀ ਨਹੀਂ ਹੋਵੇਗੀ। ਹਾਲਾਂਕਿ, ਉਨ੍ਹਾਂ ਕੋਲ ਅਜੇ ਵੀ ਸੁਪਰ ਵੀਜ਼ਾ ਦਾ ਵਿਕਲਪ ਹੋਵੇਗਾ, ਜੋ ਉਨ੍ਹਾਂ ਨੂੰ ਲਗਾਤਾਰ ਪੰਜ ਸਾਲਾਂ ਲਈ ਕੈਨੇਡਾ ਵਿਚ ਰਹਿਣ ਦੀ ਆਗਿਆ ਦਿੰਦਾ ਹੈ।ਕੈਨੇਡੀਅਨ ਸਰਕਾਰ ਨੇ ਦਸੰਬਰ 2025 ਵਿਚ ਕੇਅਰ ਗਿਵਰਜ਼ ਨਾਮ ਹੇਠ ਸ਼ੁਰੂ ਕੀਤੇ ਗਏ 'ਹੋਮ ਕੇਅਰ ਵਰਕਰ' ਪਾਇਲਟ ਪ੍ਰੋਗਰਾਮ ਨੂੰ ਅਗਲੇ ਨੋਟਿਸ ਤੱਕ ਮੁਅੱਤਲ ਕਰ ਦਿੱਤਾ ਹੈ। ਇਹ ਪ੍ਰੋਗਰਾਮ ਉਨ੍ਹਾਂ ਲੋਕਾਂ ਲਈ ਸੀ, ਜੋ ਬਜ਼ੁਰਗਾਂ ਜਾਂ ਬੱਚਿਆਂ ਦੀ ਦੇਖਭਾਲ ਲਈ ਕੈਨੇਡਾ ਦੀ ਯਾਤਰਾ ਕਰਨਾ ਚਾਹੁੰਦੇ ਸਨ।

## ਫਲਸਤੀਨ ਵਾਂਗ ਕਸ਼ਮੀਰੀਆਂ ਨੂੰ ਦਬਾਇਆ ਜਾ ਰਿਹਾ ਹੈ:ਹੂਰੀਅਤ

ਸ੍ਰੀਨਗਰ:ਭਾਰਤ ਦੇ ਕਬਜ਼ੇ ਵਾਲੇ ਜੰਮੂ ਅਤੇ ਕਸ਼ਮੀਰ ਵਿੱਚ, ਹੁਰੀਅਤ ਆਗੂਆਂ ਨੇ ਸੰਯੁਕਤ ਰਾਸ਼ਟਰ ਨੂੰ ਭਾਰਤ ਦੇ ਕਬਜ਼ੇ ਵਾਲੇ ਖੇਤਰ ਵਿੱਚ ਕਾਰਵਾਈਆਂ ਲਈ ਉਹੀ ਕਾਨੂੰਨੀ ਮਾਪਦੰਡ ਲਾਗੂ ਕਰਨ ਦੀ ਮੰਗ ਕੀਤੀ ਹੈ ਜੋ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਦਫ਼ਤਰ ਦੀ ਤਾਜ਼ਾ ਰਿਪੋਰਟ ਵਿੱਚ ਵਰਤਿਆ ਗਿਆ ਹੈ ਜਿਸ ਵਿੱਚ ਕਬਜ਼ੇ ਵਾਲੇ ਪੱਛਮੀ ਕੰਢੇ ਵਿੱਚ ਇਜ਼ਰਾਈਲੀ ਨੀਤੀਆਂ ਨੂੰ "ਰੰਗਭੇਦ" ਕਿਹਾ ਗਿਆ ਹੈ।

ਹੁਰੀਅਤ ਲੀਡਰਸ਼ਿਪ ਨੇ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਦਫ਼ਤਰ ਦੁਆਰਾ ਜਾਰੀ ਕੀਤੀ ਗਈ ਵਿਆਪਕ ਰਿਪੋਰਟ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਪੱਛਮੀ ਕੰਢੇ ਵਿੱਚ ਯੋਜਨਾਬੱਧ ਵਿਤਕਰੇ, ਨਸਲੀ ਅਲਹਿਦਗੀ, ਦਮਨ, ਮਨਮਾਨੀ ਨਜ਼ਰਬੰਦੀ ਅਤੇ ਰੰਗਭੇਦ ਬਾਰੇ ਸੰਯੁਕਤ ਰਾਸ਼ਟਰ ਦੇ ਨਤੀਜੇ ਕਬਜ਼ੇ ਵਾਲੇ ਜੰਮੂ ਅਤੇ ਕਸ਼ਮੀਰ ਵਿੱਚ ਭਾਰਤ ਦੇ ਆਚਰਣ ਨੂੰ ਪੂਰੀ ਤਰ੍ਹਾਂ ਦਰਸਾਉਂਦੇ ਹਨ।

ਆਗੂਆਂ ਨੇ ਕਿਹਾ ਕਿ ਸੰਯੁਕਤ ਰਾਸ਼ਟਰ ਦੀ ਰਿਪੋਰਟ ਨੇ ਸਹੀ ਸਿੱਟਾ ਕੱਢਿਆ ਹੈ ਕਿ ਇਜ਼ਰਾਈਲੀ ਨੀਤੀਆਂ ਵੱਖਰਾਪਣ, ਅਲਹਿਦਗੀ ਅਤੇ ਦਬਦਬੇ ਰਾਹੀਂ ਫਲਸਤੀਨੀਆਂ ਨੂੰ ਸਥਾਈ ਤੌਰ 'ਤੇ ਅਧੀਨ ਕਰਨ ਲਈ ਤਿਆਰ ਕੀਤੀਆਂ ਗਈਆਂ ਹਨ। ਉਨ੍ਹਾਂ ਨੇ ਅੱਗੇ ਕਿਹਾ ਕਿ ਉਹੀ ਵਿਸ਼ੇਸ਼ਤਾਵਾਂ - ਦੋ ਸਮਾਨਾਂਤਰ ਕਾਨੂੰਨੀ ਪ੍ਰਣਾਲੀਆਂ, ਆਵਾਜਾਈ ਤੋਂ ਇਨਕਾਰ, ਜ਼ਮੀਨਾਂ 'ਤੇ ਕਬਜ਼ਾ, ਬੰਦੋਬਸਤ ਦਾ ਵਿਸਥਾਰ, ਗੈਰ-ਕਾਨੂੰਨੀ ਕਤਲ, ਮਨਮਾਨੀ ਗ੍ਰਿਫਤਾਰੀਆਂ, ਡਿਜੀਟਲ ਨਿਗਰਾਨੀ ਅਤੇ ਫੌਜੀਕਰਨ - ਭਾਰਤ ਦੇ ਕਬਜ਼ੇ ਹੇਠ ਕਸ਼ਮੀਰ ਵਿੱਚ ਮੌਜੂਦ ਹਨ।












# ਭਗਵੰਤ ਮਾਨ ਸਿੱਖ ਪੰਥ ਵਿਚ ਦਖ਼ਲਅੰਦਾਜ਼ੀ ਕਰੇ ਬੰਦ ਨਹੀਂ ਤਾਂ ਵਿਦੇਸ਼ਾਂ ਵਿਚ ਹੋਵੇਗਾ ਭਾਰੀ ਵਿਰੋਧ:ਕੈਨੇਡੀਅਨ ਸਿੱਖ



ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਪੰਜਾਬ ਦੇ ਮੁੱਖਮੰਤਰੀ ਭਗਵੰਤ ਮਾਨ ਨੂੰ ਅਕਾਲ ਤਖਤ ਸਕੱਤਰੇਤ ਵਿਖੇ ਇਕ ਵੀਡੀਓ ਮਸਲੇ ਤੇ ਤਲਬ ਕੀਤੇ ਜਾਣ ਤੋਂ ਬਾਅਦ ਸਿਆਸਤ ਬਹੁਤ ਭਖ ਗਈ ਹੈ ਤੇ ਭਗਵੰਤ ਮਾਨ ਵਲੋਂ ਇਸ ਮਸਲੇ ਤੇ ਪੇਸ਼ੀ ਮੌਕੇ ਲਾਈਵ ਟੈਲੀਕਾਸਟ ਦੀ ਮੰਗ ਕੀਤੀ ਗਈ ਹੈ। ਮੌਜੂਦਾ ਹਾਲਾਤਾਂ ਨੂੰ ਦੇਖਦਿਆਂ ਕੈਨੇਡੀਅਨ ਸਿੱਖਾਂ ਨੇ ਵੀ ਇੰਨ੍ਹਾ ਹਾਲਾਤਾਂ ਨੂੰ ਅਤਿ ਗੰਭੀਰ ਦਸਦਿਆਂ ਭਗਵੰਤ ਮਾਨ ਨੂੰ ਚੇਤਾਵਨੀ ਦੇਦਿਆਂ ਕਿਹਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵੱਲੋਂ ਤੁਹਾਨੂੰ ਤਲਬ ਕਰਨਾ ਕੋਈ ਆਮ ਜਾਂ ਰਸਮੀ ਪ੍ਰਕਿਰਿਆ ਨਹੀਂ ਹੈ, ਸਗੋਂ ਤੁਹਾਡੇ ਉਪਰ ਸਿੱਖ ਸੰਪਰਦਾ ਦੀ ਸਰਵਉੱਚ ਤਖ਼ਤ ਸੰਸਥਾ ਅਤੇ ਸਿੱਖ ਰਹਿਤ ਮਰਿਆਦਾ ਪ੍ਰਤੀ ਕਥਿਤ ਨਿਰਾਦਰ ਦਾ ਇੱਕ ਅਸਾਧਾਰਨ ਅਤੇ ਗੰਭੀਰ ਲਗਾਇਆ ਗਿਆ ਹੈ।ਉਨ੍ਹਾਂ ਕਿਹਾ ਕਿਸੇ ਵੀ ਦੇਸ਼ ਦੀ ਅਦਾਲਤ ਅੰਦਰ ਚਲ ਰਹੇ ਮਾਮਲੇ ਦਾ ਕਦੇ ਲਾਈਵ ਟੈਲੀਕਾਸਟ ਨਹੀਂ ਹੁੰਦਾ ਤੇ ਅਕਾਲ ਤਖਤ ਸਾਹਿਬ ਸਿੱਖ ਪੰਥ ਦੀ ਸੁਪਰੀਮ ਅਦਾਲਤ ਹੀ ਹੈ ਪਰ ਤੁਸੀਂ ਅਭਿਆਸੀ ਸਿੱਖ ਹੈ ਇਸ ਲਈ ਤੁਹਾਨੂੰ ਅਕਾਲ ਤਖਤ ਸਾਹਿਬ ਦੇ ਸਕੱਤਰੇਤ ਵਿਖੇ ਤੁਹਾਡੇ ਵਲੋਂ ਕੀਤੀ ਗਈ ਕੋਤਾਹੀ ਦਾ ਪੱਖ ਰੱਖਣ ਲਈ ਸੱਦਿਆ ਗਿਆ ਹੈ।ਇਸ ਲਈ ਲਾਈਵ ਟੈਲੀਕਾਸਟ ਦੀ ਮੰਗ ਬੇਲੋੜੀ ਹੈ। ਉਨ੍ਹਾਂ ਕਿਹਾ ਮਸਲਾ ਭਾਵੇਂ ਬੇਅਦਬੀ ਦਾ ਹੋਵੇ ਜਾਂ ਮਸਲਾ 328 ਪਾਵਨ ਸਰੂਪਾਂ ਦਾ ਹੋਵੇ।ਸਿੱਖ ਵਿਰੋਧੀ ਹਮੇਸ਼ਾ ਅਜਿਹੇ ਸਮੇਂ ਦੀ ਉਡੀਕ ਕਰਦੇ ਹਨ ਅਤੇ ਉਸ ਦੀ ਆੜ ਵਿੱਚ ਆਪਣੀ ਰਾਜਨੀਤੀਕ ਖੇਡ ਖੇਡ ਜਾਂਦੇ ਹਨ।ਮੁੱਖ ਮੰਤਰੀ ਭਗਵੰਤ ਮਾਨ ਦੇ ਆਪਣੇ ਸ਼ਬਦ ਅਤੇ ਆਚਰਣ ਸਿੱਖ ਭਾਈਚਾਰੇ ਨੂੰ ਡੂੰਘਾ ਠੇਸ ਪਹੁੰਚਾਉਣ ਲਈ ਕਾਫ਼ੀ ਹਨ।ਉਨ੍ਹਾਂ ਸਪੱਸ਼ਟ ਕੀਤਾ ਕਿ ਕਿਸੇ ਵੀ ਤਰ੍ਹਾਂ ਦੀ ਕਾਮੇਡੀ, ਨਸ਼ਾ ਜਾਂ ਹੰਕਾਰ ਸਿੱਖ ਧਰਮ ਦੇ ਸਰਵਉੱਚ ਅਸਥਾਈ ਅਧਿਕਾਰ ਦਾ ਨਿਰਾਦਰ ਕਰਨ ਨੂੰ ਜਾਇਜ਼ ਨਹੀਂ ਠਹਿਰਾ ਸਕਦਾ।

ਇੱਕ ਮੁੱਖ ਮੰਤਰੀ ਜੋ ਧਰਮ ਦਾ ਮਜ਼ਾਕ ਉਡਾਉਂਦਾ ਹੈ, ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰਦਾ ਹੈ, ਅਤੇ ਫਿਰ ਸੰਵਿਧਾਨਕ ਅਹੁਦੇ ਦੀ ਆੜ ਵਿੱਚ ਜਵਾਬਦੇਹੀ ਤੋਂ ਬਚਦਾ ਹੈ। ਉਨ੍ਹਾਂ ਕਿਹਾ ਭਗਵੰਤ ਮਾਨ ਨੇ ਚਾਰ ਸਾਲ ਆਹੀ ਕੁੱਝ ਕਰਦੇ ਕੱਢ ਦਿੱਤੇ, ਓਹ ਦੱਸੇ ਕਿ ਇਸ ਵਿਚ ਪੰਜਾਬ ਦਾ ਕੀ ਭਲਾ ਹੋਇਆ, ? ਸਗੋਂ ਪੰਜਾਬ ਗਲ੍ਹ ਤੱਕ ਕਰਜ਼ੇ ਵਿੱਚ ਡੁਬੋ ਦਿੱਤਾ ਗਿਆ ਹੈ ਲ ਹਰ ਪਾਸੇ ਲੁੱਟ, ਕਤਲ, ਫਰੋਤੀ ਦਾ ਤਾਂਡਵ ਚੱਲ ਰਿਹਾ ਹੈ, ਬੇਗੁਨਾਹ ਸਿੱਖ ਨੌਜੁਆਨਾਂ ਨੂੰ ਜੇਲ੍ਹਾਂ ਵਿਚ ਡੱਕਿਆ ਜਾ ਰਿਹਾ ਹੈ ਜਿਸ ਨੂੰ ਰੋਕਣ ਵਿਚ ਨਾਕਾਮਯਾਬ ਰਹਿਣ ਤੇ ਭਗਵੰਤ ਮਾਨ ਹੁਣ ਸਿੱਖ ਧਰਮ ਤੇ ਸ੍ਰੀ ਅਕਾਲ ਤੱਖਤ ਸਾਹਿਬ ਨੂੰ ਦਿੱਲੀ ਦੇ ਇਸਾਰੇ ਤੇ ਬਦਨਾਮ ਕਰਣ ਦੀ ਖੇਡ, ਖੇਡ ਰਿਹਾ ਹੈ।ਉਨ੍ਹਾਂ ਇਸਨੂੰ ਸੱਤਾ ਦੀ ਦੁਰਵਰਤੋਂ ਕਰਾਰ ਦੇਂਦਿਆਂ ਭਗਵੰਤ ਮਾਨ ਕੋਲੋਂ ਤੁਰੰਤ ਅਸਤੀਫੇ ਦੀ ਮੰਗ ਕਰਦਿਆਂ ਕਿਹਾ ਕਿ ਜੇਕਰ ਓਹ ਸਿੱਖ ਧਰਮ ਵਿਚ ਦਖਲਅੰਦਾਜ਼ੀ ਬੰਦ ਤੋਂ ਬਾਜ਼ ਨਹੀਂ ਆਇਆ ਤਾਂ ਵਿਦੇਸ਼ਾਂ ਅੰਦਰ ਓਸਦੀ ਆਮਦ ਉਪਰ ਓਸਦਾ ਭਾਰੀ ਵਿਰੋਧ ਕੀਤਾ ਜਾਏਗਾ । ਇਸ ਮੌਕੇ ਭਾਈ ਗੁਰਮੀਤ ਸਿੰਘ ਤੂਰ, ਭਾਈ ਨਰਿੰਦਰ ਸਿੰਘ ਰੰਧਾਵਾ, ਭਾਈ ਅਵਤਾਰ ਸਿੰਘ ਖਹਿਰਾ, ਭਾਈ ਮਨਜਿੰਦਰ ਸਿੰਘ ਖਾਲਸਾ, ਕਰਨੈਲ ਸਿੰਘ ਟੁੱਟ, ਭਾਈ ਰਣਜੀਤ ਸਿੰਘ, ਭਾਈ ਸੁਖਬੀਰ ਸਿੰਘ ਕਰਮੀਸ ਵਾਲੇ, ਭਾਈ ਰਜਿੰਦਰ ਨੱਤ ਸਿੰਘ, ਭਾਈ ਜੈਗ ਸਿੱਧੂ ਭਾਈ ਦਲਜੀਤ ਸਿੰਘ, ਭਾਈ ਚਰਨਜੀਤ ਸਿੰਘ, ਭਾਈ ਅਜੈਪਾਲ ਸਿੰਘ ਸਮੇਤ ਵੱਡੀ ਗਿਣਤੀ ਵਿਚ ਦਰਦਮੰਦ ਸਿੱਖ ਹਾਜ਼ਿਰ ਸਨ।


FIXMAN
GLASS REPAIR LTD
Auto
Residential
Commercial
"We Are The Clear Choice"
Windshield Repair & Replacement
We do ICBC and Private Claims in Cars, Vans, SUV, Trucks & Taxis and Offer Mobile Service
• ਆਈ ਸੀ ਬੀ ਸੀ ਅਤੇ ਪ੍ਰਾਈਵੇਟ ਕਲੇਮ • ਕਾਰੀਗਿਰੀ, ਲੀਕਸ ਅਤੇ ਰਾਕ ਚਿਪਸ ਤੇ
• ਲਾਈਫਟਾਈਮ ਵਾਰੰਟੀ • ਮੋਬਾਈਲ ਸਰਵਿਸ • ਬੱਗ ਸਕਰੀਨ ਵੀ ਲਾਉਂਦੇ ਹਾਂ
• ਕਾਰ ਨੂੰ ਮੁਫਤ ਸਾਫ ਕਰਦੇ ਹਾਂ • ਚੱਕਣ ਅਤੇ ਛੱਡਣ ਦਾ ਵੀ ਪ੍ਰਬੰਧ ਹੈ
2 Locations Serves You
SURREY
#301-14640-64Ave Surrey
Ph:604-657-0003
LANGLEY
#102-5968 205A St
Ph:778-258-3000

Mandeep Dhaliwal
www.fixmanglass.com Email:fixmanglass@gmail.com



SAVVY
Immigration Services Inc.
ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ
*Temporary Visa *Student Visa
*Work Permit *Permanent Immigration
*Humanitarian & Compassionate Cases

Harpreet K Grewal:604-832-9581
Email:info@savvyimmigrations.com www.savyimmigration.com
Unit A-32088, Cedar Lane, Abbotsford BC Canada
Mon–Sat:10:00 AM-06:00 PM Closed on Sunday



CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ
• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa
OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen
CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)



Punjab TRAVELS
Special offer!
ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।

ਜੀਵਨ ਸਿੰਘ ਮੋਗਾ
▸▸ ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
▸▸ ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
▸▸ ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ
Ph : 604-825-3075, 604-744-4400
2642 Cedar Park Abbotsford, British Columbia V2T 3S5



SekCheck FINGERPRINTING SERVICES
*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver
Ph:604-628-4446, 778-536-1188
#255-13711-72Ave Surrey, BC

# ਯੂਕੇ ਪੁਲਿਸ ਏਜੰਸੀਆਂ ਨੇ ਭਾਈ ਪਰਮਜੀਤ ਸਿੰਘ ਪੰਮਾ ਨੂੰ ਹਿੰਦੂ ਰਾਸ਼ਟਰਵਾਦੀ ਖਤਰਿਆਂ ਦੇ ਮੱਦੇਨਜ਼ਰ ਸੁਰੱਖਿਆ ਵਧਾਉਣ ਲਈ ਕਿਹਾ

ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਬ੍ਰਿਟਿਸ਼ ਪੁਲਿਸ ਨੇ ਯੂਕੇ ਵਿੱਚ ਇੱਕ ਉੱਚ-ਪ੍ਰੋਫਾਈਲ ਸਿੱਖ ਕਾਰਕੁਨ ਭਾਈ ਪਰਮਜੀਤ ਸਿੰਘ ਪੰਮਾ ਨੂੰ ਹਿੰਦੂ ਰਾਸ਼ਟਰਵਾਦੀ ਤੱਤਾਂ ਤੋਂ ਧਮਕੀਆਂ ਦੇ ਮੱਦੇਨਜ਼ਰ ਆਪਣੇ ਘਰ ਵਿੱਚ ਸੁਰੱਖਿਆ ਕੈਮਰੇ ਲਗਾਉਣ ਅਤੇ ਦਰਵਾਜ਼ਿਆਂ ਦੇ ਤਾਲੇ ਮਜ਼ਬੂਤ ਕਰਨ ਦੀ ਸਲਾਹ ਦਿੱਤੀ ਹੈ। ਇਸ ਬਾਰੇ ਮੀਡੀਆ ਨਾਲ ਗੱਲਬਾਤ ਕਰਦਿਆਂ ਭਾਈ ਪਰਮਜੀਤ ਸਿੰਘ ਪੰਮਾ ਨੇ ਕਿਹਾ ਕਿ ਪੁਲਿਸ ਨੇ ਉਨ੍ਹਾਂ ਨੂੰ ਮਿਲਣ ਲਈ ਕਿਹਾ ਸੀ ਅਤੇ ਉਨ੍ਹਾਂ ਨੂੰ ਜ਼ੁਬਾਨੀ ਸਲਾਹ ਦਿੱਤੀ ਗਈ ਸੀ ਕਿ ਉਹ ਆਪਣੀ ਸੁਰੱਖਿਆ ਵਧਾਉਣ ਕਿਉਂਕਿ ਖੁਫੀਆ ਜਾਣਕਾਰੀ ਨੇ ਉਨ੍ਹਾਂ ਦੀ ਸੁਰੱਖਿਆ ਨੂੰ ਖ਼ਤਰਾ ਦੱਸਿਆ ਸੀ। ਭਾਈ ਪੰਮਾ ਨੇ ਕਿਹਾ ਕਿ ਧਮਕੀਆਂ ਭਾਰਤ ਸਰਕਾਰ ਨਾਲ ਜੁੜੀਆਂ ਹੋਈਆਂ ਸਨ ਅਤੇ ਉਨ੍ਹਾਂ ਨੇ ਯੂਕੇ ਦੇ ਮੰਤਰੀਆਂ 'ਤੇ ਭਾਰਤ ਦੁਆਰਾ ਨਿਰੰਤਰ ਅੰਤਰਰਾਸ਼ਟਰੀ ਦਮਨ ਨੂੰ ਗੰਭੀਰਤਾ ਨਾਲ ਲੈਣ ਵਿੱਚ ਅਸਫਲ ਰਹਿਣ ਦਾ ਦੋਸ਼ ਲਗਾਇਆ। ਭਾਰਤੀ ਦੂਤਾਵਾਸ ਨੇ ਇਸ ਮਸਲੇ ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਜਿਕਰਯੋਗ ਹੈ ਕਿ ਭਾਈ ਪੰਮਾ ਖਾਲਿਸਤਾਨ ਲਹਿਰ ਖਾਲਿਸਤਾਨ ਰੈਫਰੰਡਮ ਦੇ ਕੋਆਰਡੀਨੇਟਰ ਹੋਣ ਕਰਕੇ ਇੱਕ ਪ੍ਰਮੁੱਖ ਸ਼ਖਸੀਅਤ ਹਨ, ਇਹ ਲਹਿਰ ਇੱਕ ਸੁਤੰਤਰ ਸਿੱਖ ਰਾਜ ਦੀ ਸਥਾਪਤੀ ਕਰਣ ਦੀ ਮੁਹਿੰਮ ਹੈ ਜੋ ਭਾਰਤ ਵਿੱਚ ਗੈਰ-ਕਾਨੂੰਨੀ ਐਲਾਣੀ ਗਈ ਹੈ ਅਤੇ ਭਾਰਤੀ ਸਰਕਾਰੀ ਅਧਿਕਾਰੀ ਇਸ ਲਹਿਰ ਨੂੰ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਦੱਸਦੇ ਹਨ। ਐਮ ਆਈ 5 ਦੇ ਅਨੁਸਾਰ, ਵਿਦੇਸ਼ੀ ਸਰਕਾਰਾਂ ਯੂਕੇ ਦੀ ਧਰਤੀ 'ਤੇ ਅਸੰਤੁਸ਼ਟਾਂ ਨੂੰ ਵੱਧ ਤੋਂ ਵੱਧ ਨਿਸ਼ਾਨਾ ਬਣਾ ਰਹੀਆਂ ਹਨ, ਅਤੇ 2022 ਤੋਂ ਬਾਅਦ ਰਾਜ ਦੇ ਖਤਰਿਆਂ ਦੀ ਜਾਂਚ ਦੀ ਗਿਣਤੀ 48% ਵਧੀ ਹੈ। ਅੰਤਰਰਾਸ਼ਟਰੀ ਦਮਨ 'ਤੇ ਆਪਣੀ 2024-25 ਦੀ ਰਿਪੋਰਟ ਵਿੱਚ, ਮਨੁੱਖੀ ਅਧਿਕਾਰਾਂ ਬਾਰੇ ਸਾਂਝੀ ਕਮੇਟੀ ਨੇ ਚੀਨ ਅਤੇ ਰੂਸ ਦੇ ਨਾਲ ਭਾਰਤ ਨੂੰ ਚਿੰਤਾ ਦੇ ਦੇਸ਼ ਵਜੋਂ ਸੂਚੀਬੱਧ ਕੀਤਾ ਹੈ। ਭਾਈ ਪੰਮਾ ਦੇ ਦਾਅਵੇ ਅਜਿਹੇ ਸਮੇਂ ਆਏ ਹਨ ਜਦੋਂ ਯੂਕੇ ਨਰਿੰਦਰ ਮੋਦੀ ਦੀ ਹਿੰਦੂ



ਰਾਸ਼ਟਰਵਾਦੀ ਸਰਕਾਰ ਨਾਲ ਨੇੜਲੇ ਸਬੰਧਾਂ ਦੀ ਪੈਰਵੀ ਕਰ ਰਿਹਾ ਹੈ, ਇਸਨੂੰ ਚੀਨ ਦੀ ਵਧਦੀ ਸ਼ਕਤੀ ਨੂੰ ਸੰਤੁਲਿਤ ਕਰਨ ਲਈ ਇੱਕ ਮੁੱਖ ਭਾਈਵਾਲ ਵਜੋਂ ਦੇਖ ਰਿਹਾ ਹੈ। ਭਾਈ ਪੰਮਾ ਨੇ ਕਿਹਾ ਅਸੀਂ ਜਿਸ ਦਮਨ ਵਿੱਚੋਂ ਗੁਜ਼ਰ ਰਹੇ ਹਾਂ ਉਹ ਬੇਰਹਿਮ ਹੈ, ਇਹ ਸਰਹੱਦਾਂ ਪਾਰ ਕਰਕੇ ਹੁਣ ਸਾਡੇ ਪਰਿਵਾਰਾਂ ਤੱਕ ਪਹੁੰਚ ਰਿਹਾ ਹੈ। ਇਹ ਅਸਲ ਵਿੱਚ ਭਾਰਤ ਸਰਕਾਰ ਵੱਲੋਂ ਕੀਤਾ ਗਿਆ ਅੱਤਵਾਦ ਹੈ, ਜਿਸਨੂੰ ਧਮਕੀਆਂ ਤੋਂ ਬਾਅਦ ਆਪਣੇ ਪਰਿਵਾਰ ਤੋਂ ਵੱਖ ਰਹਿਣ ਲਈ ਮਜਬੂਰ ਕੀਤਾ ਗਿਆ ਹੈ। ਭਾਈ ਪੰਮਾ ਨੇ ਕਿਹਾ ਕਿ ਉਹ ਨਿਯਮਿਤ ਤੌਰ 'ਤੇ ਪੁਲਿਸ ਨੂੰ ਧਮਕੀਆਂ ਦੀ ਰਿਪੋਰਟ ਕਰਦੇ ਸਨ ਪਰ ਉਨ੍ਹਾਂ ਨੇ 2023 ਵਿੱਚ ਕੈਨੇਡਾ ਵਿੱਚ ਇੱਕ ਪ੍ਰਮੁੱਖ ਸਿੱਖ ਕਾਰਕੁਨ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਤੋਂ ਬਾਅਦ ਹੀ ਉਸਦੀਆਂ ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਲੈਣਾ ਸ਼ੁਰੂ ਕਰ ਦਿੱਤਾ ਸੀ, ਜਿਸ ਬਾਰੇ ਦੇਸ਼ ਦੇ ਤਤਕਾਲੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਸੀ ਕਿ ਖੁਫੀਆ ਏਜੰਸੀਆਂ ਨੇ ਭਾਰਤੀ ਸਰਕਾਰੀ ਏਜੰਟਾਂ ਨਾਲ ਸਬੰਧ ਬਣਾਏ ਹਨ।






## ਸ਼ੂਗਰ ਕਾਰਨ ਭਾਰਤ 'ਤੇ ਵੱਧ ਰਿਹੈ ਆਰਥਿਕ ਬੋਝ




ਦਿੱਲੀ:-ਸ਼ੂਗਰ ਕਾਰਨ ਭਾਰਤ 'ਤੇ ਆਰਥਿਕ ਬੋਝ ਲਗਾਤਾਰ ਵਧ ਰਿਹਾ ਹੈ। ਨਵੇਂ ਅਧਿਐਨ ਮੁਤਾਬਕ ਭਾਰਤ ਸ਼ੂਗਰ ਕਾਰਨ ਆਰਥਿਕ ਬੋਝ ਦੇ ਮਾਮਲੇ 'ਚ 11.4 ਖਰਬ ਡਾਲਰ ਨਾਲ ਦੂਜੇ ਸਥਾਨ 'ਤੇ ਹੈ। ਅਮਰੀਕਾ 'ਚ ਇਹ ਬੋਝ 16.5 ਖਰਬ ਡਾਲਰ ਨਾਲ ਸਭ ਤੋਂ ਵੱਧ ਹੈ; ਚੀਨ 'ਚ 11 ਖਰਬ ਡਾਲਰ ਨਾਲ ਤੀਜੇ ਸਥਾਨ 'ਤੇ ਹੈ। ਇੰਟਰਨੈਸ਼ਨਲ ਇੰਸਟੀਚਿਊਟ ਫਾਰ ਅਪਲਾਈਡ ਸਿਸਟਮਸ ਅਨੈਲਿਸਿਸ ਅਤੇ ਆਸਟਰੀਆ ਦੀ ਵਿਏਨਾ ਯੂਨੀਵਰਸਿਟੀ ਆਫ਼ ਇਕਨਾਮਿਕਸ ਐਂਡ ਬਿਜ਼ਨਸ ਦੇ ਖੋਜੀਆਂ ਸਮੇਤ ਹੋਰਾਂ ਨੇ 2020 ਤੋਂ 2050 ਤੱਕ 204 ਮੁਲਕਾਂ 'ਚ ਸ਼ੂਗਰ ਦੇ ਆਰਥਿਕ ਅਸਰ ਦਾ ਮੁਲਾਂਕਣ ਕੀਤਾ। ਖੋਜੀਆਂ ਨੇ ਕਿਹਾ ਕਿ ਭਾਰਤ ਅਤੇ ਚੀਨ 'ਚ ਸ਼ੂਗਰ ਦੀ ਉੱਚ ਆਰਥਿਕ ਲਾਗਤ ਮੁੱਖ ਤੌਰ 'ਤੇ ਪ੍ਰਭਾਵਿਤ ਆਬਾਦੀ ਦੀ ਵੱਡੀ ਗਿਣਤੀ ਕਾਰਨ ਹੈ ਜਦਕਿ ਅਮਰੀਕਾ 'ਚ ਇਹ ਇਲਾਜ ਦੀ ਉੱਚ ਲਾਗਤ ਅਤੇ ਭੌਤਿਕ ਪੂੰਜੀ ਪ੍ਰਵਾਹ ਕਾਰਨ ਸੀ।


## ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

### ਇਸ ਹਫਤੇ ਦੇ ਪ੍ਰੋਗਰਾਮ

**ਸੰਤ ਬਾਬਾ ਅਤਰ ਸਿੰਘ ਜੀ ਦੀ ਬਰਸੀ ਦੇ ਸਬੰਧ ਵਿਚ ਅਖੰਡਪਾਠ ਸਾਹਿਬਾਂ ਦੀ ਲੜੀ ਚੱਲ ਰਹੀ ਹੈ।**

*14 ਜਨਵਰੀ ਦਿਨ ਬੁੱਧਵਾਰ ਕਲਗੀਧਰ ਆਟੋ ਰਿਪੇਅਰ ਕੰਪਨੀ ਵੱਲੋਂ ਅਖੰਡਪਾਠ ਸਾਹਿਬ ਦੇ ਭੋਗ ਪਾਏ ਜਾਣਗੇ।

*14 ਜਨਵਰੀ ਬੁੱਧਵਾਰ ਕਲਸੀ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ ਭੋਗ 16 ਜਨਵਰੀ ਦਿਨ ਸ਼ੁੱਕਰਵਾਰ ਨੂੰ ਪਾਏ ਜਾਣਗੇ।

*16 ਜਨਵਰੀ ਦਿਨ ਸ਼ੁੱਕਰਵਾਰ ਨੂੰ 2 ਪਰਿਵਾਰਾਂ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ 18 ਜਨਵਰੀ ਦਿਨ ਐਤਵਾਰ ਨੂੰ ਭੋਗ ਪਾਏ ਜਾਣਗੇ:
1) ਮੇਜਰ ਸਿੰਘ ਪਰਿਵਾਰ ਵੱਲੋਂ 2) ਮਨਜੀਤ ਸਿੰਘ ਪਰਿਵਾਰ ਵੱਲੋਂ

*17 ਜਨਵਰੀ ਦਿਨ ਸ਼ਨਿੱਚਰਵਾਰ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਅਤੇ ਲੰਗਰਾਂ ਦੀ ਸੇਵਾ ਹਰਸੁਖਜੀਤ ਸਿੰਘ ਬੈਂਸ ਪਰਿਵਾਰ ਵੱਲੋਂ ਹੋਵੇਗੀ।

17 ਜਨਵਰੀ ਦਿਨ ਸ਼ਨਿੱਚਰਵਾਰ ਸ਼ਾਮ ਨੂੰ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਅਤੇ ਲੰਗਰਾਂ ਦੀ ਸੇਵਾ ਸੁਖਪ੍ਰੀਤ ਸਿੰਘ ਪਰਿਵਾਰ ਵੱਲੋਂ ਹੋਵੇਗੀ।

*18 ਜਨਵਰੀ ਦਿਨ ਸ਼ੁੱਕਰਵਾਰ ਨੂੰ ਸਵੇਰੇ 2 ਅਖੰਡਪਾਠ ਸਾਹਿਬ ਦੇ ਭੋਗ ਉਪਰੰਤ ਦੀਵਾਨ ਸਜਣਗੇ। ਸ਼ਾਮ ਨੂੰ ਸੁਖਮਨੀ ਸਾਹਿਬ ਦੇ ਪਾਠ, ਲੰਗਰ ਅਤੇ ਕੀਰਤਨ ਦੀ ਸੇਵਾ ਗੁਰਨਾਮ ਸਿੰਘ ਸਿੱਧੂ ਪਰਿਵਾਰ ਵੱਲੋਂ ਹੋਵੇਗੀ।

*19 ਜਨਵਰੀ ਦਿਨ ਸੋਮਵਾਰ ਨੂੰ ਸੇਵਕ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ 21 ਜਨਵਰੀ ਨੂੰ ਭੋਗ ਪਾਏ ਜਾਣਗੇ।

*21 ਜਨਵਰੀ ਦਿਨ ਬੁੱਧਵਾਰ ਗੁਰਪ੍ਰਲਾਦ ਸਿੰਘ ਦੀ ਚੜ੍ਹਦੀ ਕਲਾ ਲਈ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ 23 ਜਨਵਰੀ ਨੂੰ ਭੋਗ ਪੈਣਗੇ।

*23 ਜਨਵਰੀ ਦਿਨ ਸ਼ੁੱਕਰਵਾਰ ਗਿੱਲ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ 25 ਜਨਵਰੀ ਨੂੰ ਭੋਗ ਪੈਣਗੇ ਉਪਰੰਤ ਦੀਵਾਨ ਸਜਣਗੇ।

**ਨੋਟ:24 ਦਸੰਬਰ ਤੋਂ ਆਰੰਭ ਹੋਈ ਅਖੰਡਪਾਠ ਸਾਹਿਬਾਂ ਦੀ ਲੜੀ ਦੇ ਭੋਗ 1 ਫਰਵਰੀ ਦਿਨ ਐਤਵਾਰ ਨੂੰ ਪੈਣਗੇ।4 ਅਖੰਡਪਾਠ ਸਾਹਿਬਾਂ ਦੇ ਭੋਗ ਉਪਰੰਤ ਦੀਵਾਨ ਸਜਣਗੇ ਜਿਸ ਵਿਚ ਹਜੂਰੀ ਰਾਗੀ ਜਥੇ ਸ੍ਰੀ ਦਰਬਾਰ ਸਾਹਿਬ ਹਾਜਰੀ ਭਰਨਗੇ।**

**ਨੋਟ:ਗੁਰਦੁਆਰਾ ਸਾਹਿਬ ਵਿਖੇ ਬੁੱਧਵਾਰ, ਵੀਰਵਾਰ, ਸ਼ਨਿੱਚਰਵਾਰ ਅਤੇ ਐਤਵਾਰ ਸ਼ਾਮ 7-9 ਵਜੇ ਤੱਕ ਗੁਰਬਾਣੀ ਸੰਥਿਆ, ਕੀਰਤਨ ਤੇ ਪੰਜਾਬੀ ਦੀਆਂ ਕਲਾਸਾਂ ਲਗਦੀਆਂ ਹਨ**

**ਰਾਗੀ ਜੱਥਾ**
ਸਤਨਾਮ ਸਿੰਘ
ਲੁਧਿਆਣੇ ਵਾਲੇ


**ਕਥਾਵਾਚਕ**
ਗਿਆਨੀ ਨਿਰਵੈਲ ਸਿੰਘ
ਬੀੜ ਬਾਬਾ ਬੁੱਢਾ ਜੀ ਵਾਲੇ

**ਤਬਲਾ ਸਿੱਖਣ ਲਈ ਸੰਪਰਕ ਕਰੋ:**
604-585-0319

ਹਰ ਮੱਸਿਆ ਤੇ ਸ਼ਾਮ ਨੂੰ 6-9 ਵਜੇ ਵਿਸ਼ੇਸ਼ ਪ੍ਰੋਗਰਾਮ ਹੁੰਦੇ ਹਨ

**ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ:ਗੁਰਦੁਆਰਾ ਸਾਹਿਬ:604-585-0319**

**ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007**



**ਗੁਰਬਾਣੀ ਸਿਮਰਨ ਹਰ ਐਤਵਾਰ ਦੁਪਹਿਰ 1 ਤੋਂ 4 ਵਜੇ ਤੱਕ ਹੁੰਦੇ ਹਨ**

### ਰੋਜਾਨਾ ਦੇ ਪ੍ਰੋਗਰਾਮ

**ਸਵੇਰੇ**

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

**ਸ਼ਾਮ**

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਵਿਸ਼ਵ ਗੁਰੂ ਬਣਨ ਦੀ ਖਾਮਖਿਆਲੀ

ਨਰਿੰਦਰ ਮੋਦੀ ਪ੍ਰਧਾਨ ਮੰਤਰੀ ਬਣਨ ਤੋਂ ਹੀ ਯੂਨੀਵਰਸਿਟੀਆਂ ਨੂੰ ਵਿਸ਼ਵ ਪੱਧਰੀ ਬਣਾਉਣ ਦੇ ਦਾਅਵੇ ਕਰ ਰਹੇ ਹਨ, ਪਰ ਉਨ੍ਹਾ ਵੱਲੋਂ ਯੋਜਨਾ ਆਯੋਗ ਦਾ ਨਾਂਅ ਬਦਲ ਕੇ ਬਣਾਏ ਗਏ ਨੀਤੀ ਆਯੋਗ ਦੀ ਰਿਪੋਰਟ ਉਨ੍ਹਾਂ ਦੇ ਦਾਅਵਿਆਂ ਦਾ ਦਮ ਕੱਢ ਰਹੀ ਹੈ।ਭਾਰਤ ‘ਚ ਸਿੱਖਿਆ ਦਾ ਅਰਥ ਅੱਜ ਵੀ ਮੂਲ ਤੌਰ ‘ਤੇ ਉੱਚ ਸਿੱਖਿਆ ਹੀ ਬਣਿਆ ਹੋਇਆ ਹੈ, ਜਿਸ ਵਿੱਚ ਮੱਧ ਵਰਗ ਤੇ ਉੱਚ-ਮੱਧ ਵਰਗ ਦੀ ਭਾਗੀਦਾਰੀ ਰਹਿੰਦੀ ਹੈ।ਉੱਚ ਵਰਗ ਸ਼ੁਰੂ ਤੋਂ ਹੀ ਵਿਦੇਸ਼ਾਂ ਵਿੱਚ ਸਿੱਖਿਆ ਹਾਸਲ ਕਰਨ ਨੂੰ ਤਰਜੀਹ ਦਿੰਦਾ ਰਿਹਾ ਹੈ।ਪਿਛਲੇ ਦੋ ਦਹਾਕਿਆਂ ਤੋਂ ਮੱਧ ਤੇ ਉੱਚ-ਮੱਧ ਵਰਗ ਦਾ ਜ਼ੋਰ ਵੀ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿੱਚ ਪੜ੍ਹਾਉਣ ‘ਤੇ ਲੱਗਾ ਹੋਇਆ ਹੈ।2016 ਤੋਂ 2022 ਤੱਕ ਭਾਰਤ ਵਿੱਚ ਵਿਦੇਸ਼ ਤੋਂ ਆਉਣ ਵਾਲੇ ਤੇ ਭਾਰਤ ਤੋਂ ਵਿਦੇਸ਼ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਦੇ ਅੰਕੜੇ ਦੇਖਣ ਤੋਂ ਸਾਫ ਹੁੰਦਾ ਹੈ ਕਿ ਭਾਰਤ ਨੇ ਵਿਸ਼ਵ ਗੁਰੂ ਬਣਨ ਲਈ ਕਿੰਨੇ ਮਾਅਰਕੇ ਮਾਰੇ ਹਨ। 2016 ਵਿੱਚ ਭਾਰਤ ਪੜ੍ਹਨ ਆਉਣ ਵਾਲਿਆਂ ਦੀ ਗਿਣਤੀ 45424 ਸੀ ਤੇ ਦੋ-ਚਾਰ ਹਜ਼ਾਰ ਉੱਤੇ-ਹੇਠਾਂ ਹੁੰਦੇ ਹੋਏ 2022 ਵਿੱਚ 46878 ਸੀ । ਵਿਦੇਸ਼ ਜਾਣ ਵਾਲਿਆਂ ਦੀ ਗਿਣਤੀ 2016 ਵਿੱਚ 684823 ਸੀ ਤੇ 2022 ਵਿੱਚ 907404 ਤੱਕ ਪ੍ਰੁੱਜ ਗਈ ਸੀ।2021 ਵਿੱਚ ਤਾਂ ਇਹ 1158702 ਤੱਕ ਪ੍ਰੁੱਜ ਗਈ ਸੀ।

ਭਾਰਤ ਵਿੱਚ ਵਿਦੇਸ਼ੀ ਵਿਦਿਆਰਥੀਆਂ ਦੀ ਹਿੱਸੇਦਾਰੀ ਇੱਕ ਫੀਸਦੀ ਤੋਂ ਵੀ ਘੱਟ ਹੈ, ਜਦਕਿ ਅਮਰੀਕਾ ਵਿੱਚ 15-16 ਫੀਸਦੀ ਹੈ, ਬਰਤਾਨੀਆ ਵਿੱਚ 8-9, ਆਸਟਰੇਲੀਆ ਵਿੱਚ 7-8, ਚੀਨ ਵਿੱਚ 6-7 ਫੀਸਦੀ ਹੈ।ਭਾਰਤ ਦੇ ਜ਼ਿਆਦਾਤਰ ਵਿਦਿਆਰਥੀ ਕੈਨੇਡਾ, ਅਮਰੀਕਾ, ਬਰਤਾਨੀਆ, ਆਸਟਰੇਲੀਆ ਤੇ ਜਰਮਨੀ ਜਾਂਦੇ ਹਨ।ਅਮਰੀਕਾ ਵੱਲੋਂ ਹਾਲ ਹੀ ਵਿੱਚ ਕਈ ਤਰ੍ਹਾਂ ਦੀਆਂ ਰੋਕਾਂ ਲਾਉਣ ਕਾਰਨ ਉੱਥੇ ਜਾਣ ਵਾਲਿਆਂ ਦੀ ਗਿਣਤੀ ਘਟੀ ਹੈ।ਨੀਤੀ ਆਯੋਗ ਨੇ ਵਿਦੇਸ਼ੀ ਵਿਦਿਆਰਥੀਆਂ ਦੀ ਹਿੱਸੇਦਾਰੀ ਨਾ ਵਧਣ ਦੇ ਪਿੱਛੇ ਕਈ ਕਾਰਨ ਦੱਸੇ ਹਨ, ਜਿਵੇਂ ਕਿ ਵਿਸ਼ਵ ਪੱਧਰੀ ਯੂਨੀਵਰਸਿਟੀਆਂ ਦੀ ਕਮੀ, ਕੌਮਾਂਤਰੀ ਸਟੈਂਡਰਡ ਵਾਲੇ ਸਿਲੇਬਸ ਦੀ ਕਮੀ, ਰੈਗੂਲੇਟਰੀ ਪੇਚੀਦਗੀਆਂ, ਵਧੀਆ ਮਾਹੌਲ ਨਾ ਮਿਲਣਾ ਅਤੇ ਭਾਰਤੀ ਯੂਨੀਵਰਸਿਟੀਆਂ ਦੀ ਕੌਮਾਂਤਰੀ ਮੰਚਾਂ ‘ਤੇ ਪੇਸ਼ਕਾਰੀ ਦੀ ਕਮੀ।

ਦੇਸ਼ ਦੀਆਂ ਯੂਨੀਵਰਸਿਟੀਆਂ ‘ਚ ਸਿੱਖਿਆ ਦੀ ਪੂਰੀ ਪ੍ਰਣਾਲੀ ਨੂੰ ਜਿਸ ਤਰ੍ਹਾਂ ਬਦਲਿਆ ਜਾ ਰਿਹਾ ਹੈ ਅਤੇ ਸਿਲੇਬਸਾਂ ‘ਚ ਹਾਕਮਾਂ ਵੱਲੋਂ ਜਿਸ ਤਰ੍ਹਾਂ ਤੁਅੱਸਬ ਲੱਦੇ ਜਾ ਰਹੇ ਹਨ, ਉਸ ਨਾਲ ਆਉਣ ਵਾਲੇ ਦਿਨਾਂ ਵਿੱਚ ਵਿਸ਼ਵ ਪੱਧਰੀ ਤਾਂ ਦੂਰ ‘ਲੋਕਲ’ ਪੱਧਰ ‘ਤੇ ਵੀ ਇਹ ਦੋਇਮ ਦਰਜੇ ਤੋਂ ਹੇਠਾਂ ਜਾਣ ਵਾਲੀ ਹੈ। ਗਾਂ, ਗੋਹਾ ਤੇ ਧੂਫ ਬੱਤੀ ਹੁਣ ਵਿਦਿਅਕ ਅਦਾਰਿਆਂ ਦੇ ਸਿਲੇਬਸ ਬਣ ਕੇ ਸਿੱਖਿਆ ਦੇ ਆਮ ਸਟੈਂਡਰਡ ਨੂੰ ਵੀ ਡੂੰਘੀ ਦਲਦਲ ਵਿੱਚ ਫਸਾ ਰਹੇ ਹਨ।ਭਾਰਤ ਦੀ ਸਿੱਖਿਆ ਵਿਵਸਥਾ ਤੇ ਉਸ ਦੀ ਸੰਰਚਨਾ ਨੂੰ ਦੁਨੀਆ ਦੇ ਨਕਸ਼ੇ ‘ਤੇ ਰੱਖ ਕੇ ਦੇਖਣ ਤੋਂ ਇਹ ਸਾਫ ਹੈ ਕਿ ਸਾਡੀ ਸਿੱਖਿਆ ਪ੍ਰਣਾਲੀ ‘ਵਿਸ਼ਵ ਗੁਰੂ’ ਦੀ ਭੂਮਿਕਾ ਦੇ ਪਾਇਦਾਨ ‘ਤੇ ਕਾਫੀ ਥੱਲੇ ਹੈ। ਭਾਰਤ ਦੇ ਵਿਦਿਆਰਥੀ ਸਿੱਖਣ ਤੇ ਭਵਿੱਖ ਦੀ ਚਿੰਤਾ ਨੂੰ ਹੱਲ ਕਰਨ ਲਈ ਵਿਦੇਸ਼ੀ ਵਿੱਦਿਅਕ ਅਦਾਰਿਆਂ ਵੱਲ ਵਧੇਰੇ ਆਕਰਸ਼ਤ ਹਨ। ਨਾਲੰਦਾ, ਵਿਕਰਮਸ਼ਿਲਾ ਤੇ ਤਕਸ਼ਸ਼ਿਲਾ ਦੇ ਪ੍ਰਾਚੀਨ ਵਿਸ਼ਵਵਿਦਿਆਲਿਆਂ ਦਾ ਨਾਂ ਜਪ ਕੇ ਅਸੀਂ ਕਤਈ ਵਿਸ਼ਵ ਗੁਰੂ ਨਹੀਂ ਬਣ ਸਕਦੇ।ਇਨ੍ਹਾਂ ਪ੍ਰਾਚੀਨ ਵਿਸ਼ਵਵਿਦਿਆਲਿਆਂ ਨੂੰ ਯਾਦ ਕਰਦਿਆਂ ਇਹ ਚੇਤੇ ਰੱਖਣਾ ਹੋਵੇਗਾ ਕਿ ਇਹ ‘ਗੁਰੂਕੁਲ’ ਨਹੀਂ ਸਨ, ਇਹ ਬੌਧ ਵਿੱਦਿਅਕ ਅਦਾਰੇ ਸਨ, ਜਿੱਥੇ ਦਾਰਸ਼ਨਕ ਚਿੰਤਨ ਦਾ ਵਿਕਾਸ ਹੋ ਰਿਹਾ ਸੀ।ਉੱਥੇ ਅਸਹਿਮਤੀਆਂ ‘ਤੇ ਹਮਲਾ ਨਹੀਂ ਸੀ ਹੁੰਦਾ।ਇਹ ਉਹ ਅਦਾਰੇ ਸਨ, ਜਿਨ੍ਹਾਂ ਦੇ ਪ੍ਰਵੇਸ਼ ਦੁਆਰਾਂ ‘ਤੇ ‘ਆਓ, ਗੱਲ ਰੱਖੋ ਤੇ ਸੁਣਨ ਦਾ ਸਬਰ ਰੱਖੋ’ ਲਿਖਿਆ ਹੁੰਦਾ ਸੀ।ਉਨ੍ਹਾਂ ਦੇ ਵਿੱਦਿਅਕ ਦਰਸ਼ਨ ਵਿੱਚ ‘ਕਾਰਜ, ਕਾਰਨ ਤੇ ਨਿਵਾਰਣ’ ਦੀ ਤਰਕ ਪ੍ਰਣਾਲੀ ਤੇ ਚਿੰਤਨ ਵਿਵਸਥਾ ਸੀ, ਜਿਸ ਵਿੱਚ ‘ਆਸਥਾ’ ਨਿਰਣਾਇਕ ਪੱਖ ਨਹੀਂ ਸੀ।

# ਗਰਭਵਤੀ ਕਰੋ ਦਾ ਇਸ਼ਤਿਹਾਰ ਪੜ੍ਹ ਕੇ ਲੁੱਟਿਆ ਗਿਆ

ਚੰਡੀਗੜ੍ਹ:ਤੁਸੀਂ ਅਕਸਰ ਸੋਸ਼ਲ ਮੀਡੀਆ ‘ਤੇ ਨੌਕਰੀ ਅਤੇ ਪੈਸੇ ਲਈ ਵੱਖੋ-ਵੱਖਰੇ ਇਸ਼ਤਿਹਾਰ ਅਤੇ ਜੌਬ ਆਫ਼ਰ ਦੇਖਦੇ ਹੋ।ਪਰ ਹਾਲ ਹੀ ਵਿੱਚ ‘ਆਲ ਇੰਡੀਆ ਪ੍ਰੈਗਨੈਂਟ ਜੌਬ ਸਰਵਿਸ’ ਦੇ ਨਾਂਅ ਹੇਠ ਅਜੀਬੋ-ਗਰੀਬ ਇਸ਼ਤਿਹਾਰ ਸਕੈਮ ਸਾਹਮਣੇ ਆਇਆ ਹੈ। ਵੇਰਵਿਆਂ ਅਨੁਸਾਰ ਇਸ ਸਕੈਮ ਤਹਿਤ ਭੋਲੇ-ਭਾਲੇ ਮਰਦਾਂ ਨੂੰ ਅਮੀਰ ਔਰਤਾਂ ਨੂੰ ਗਰਭਵਤੀ ਕਰਨ ਦੇ ਬਦਲੇ ਮੋਟੀ ਰਕਮ ਅਤੇ ਹੋਟਲ ਵਿੱਚ ਰਾਤ ਬਿਤਾਉਣ ਦਾ ਲਾਲਚ ਦੇ ਕੇ ਲੱਖਾਂ ਰੁਪਏ ਲੁੱਟੇ ਜਾ ਰਹੇ ਹਨ।

‘ਆਲ ਇੰਡੀਆ ਪ੍ਰੈਗਨੈਂਟ ਜੌਬ ਸਰਵਿਸ’ ਦਾ ਮਾਮਲਾ ਸਭ ਨੂੰ ਹੈਰਾਨ ਕਰਨ ਵਾਲਾ ਹੈ।ਪੁਲਸ ਅਨੁਸਾਰ, ਇਹ ਕੋਈ ਅਸਲ ਨੌਕਰੀ ਨਹੀਂ ਹੈ, ਸਗੋਂ ਮਰਦਾਂ ਨੂੰ ਪੈਸਿਆਂ ਅਤੇ ਸਰੀਰਕ ਸੰਬੰਧਾਂ ਦਾ ਲਾਲਚ ਦੇ ਕੇ ਲੁੱਟਣ ਦਾ ਇੱਕ ਸੰਗਠਿਤ ਜਾਲ ਹੈ।

ਇਸ ਠੱਗੀ ਦੀ ਸ਼ੁਰੂਆਤ ਸੋਸ਼ਲ ਮੀਡੀਆ ਪਲੇਟਫਾਰਮਾਂ ਜਿਵੇਂ ਕਿ ਫੇਸਬੁੱਕ ਅਤੇ ਇੰਸਟਾਗ੍ਰਾਮ ‘ਤੇ ਦਿੱਤੇ ਗਏ ਇਸ਼ਤਿਹਾਰਾਂ ਜਾਂ ਵੀਡੀਓਜ਼ ਤੋਂ ਹੁੰਦੀ ਹੈ।ਇਨ੍ਹਾਂ ਵਿੱਚ ਦਾਅਵਾ ਕੀਤਾ ਜਾਂਦਾ ਹੈ ਕਿ ਇੱਕ ਨੌਕਰੀ ਉਪਲੱਬਧ ਹੈ ਜਿਸ ਵਿੱਚ ਬੱਚਾ ਪੈਦਾ ਕਰਨ ਵਿੱਚ ਅਸਮਰੱਥ ਅਮੀਰ ਔਰਤਾਂ ਦੀ ਮਦਦ ਕਰਨੀ ਹੈ। ਬੀ ਬੀ ਸੀ ਦੀ ਰਿਪੋਰਟ ਅਨੁਸਾਰ ਇੱਕ ਫੇਸਬੁੱਕ ਵੀਡੀਓ ਤੋਂ ਨੌਕਰੀ ਲਈ ਇਸ ਘੁਟਾਲੇ ਦਾ ਸ਼ਿਕਾਰ ਹੋਏ ਬਿਹਾਰ ਦੇ ਇਕ 33 ਸਾਲਾ ਵਿਅਕਤੀ ਨੇ ਦੱਸਿਆ ਕਿ ਉਸ ਨੇ ਫੇਸਬੁੱਕ ‘ਤੇ ਇਸ ਕਥਿਤ ਨੌਕਰੀ ਦਾ ਇਸ਼ਤਿਹਾਰ ਦੇਖਿਆ ਸੀ।

ਇਹ ਵਿਅਕਤੀ ਜੋ ਵਿਆਹਾਂ ਵਿੱਚ ਸਜਾਵਟ ਦਾ ਕੰਮ ਕਰਕੇ ਮਹੀਨੇ ਦੇ ਸਿਰਫ਼ 15,000 ਰੁਪਏ ਕਮਾਉਂਦਾ ਹੈ, ਨੂੰ ਠੱਗਾਂ ਨੇ 5 ਲੱਖ ਰੁਪਏ ਸਿਰਫ਼ ਸਰੀਰਕ ਸੰਬੰਧ ਬਣਾਉਣ ਲਈ ਅਤੇ ਔਰਤ ਦੇ ਗਰਭਵਤੀ ਹੋਣ ‘ਤੇ 8 ਲੱਖ ਰੁਪਏ ਵਾਧੂ ਦੇਣ ਦਾ ਲਾਲਚ ਦਿੱਤਾ।ਮੰਗੇਸ਼ ਨੇ ਕਿਹਾ, ‘ਮੈਂ ਇੱਕ ਗਰੀਬ ਆਦਮੀ ਹਾਂ ਅਤੇ ਮੈਨੂੰ ਪੈਸਿਆਂ ਦੀ ਸਖ਼ਤ ਲੋੜ ਸੀ, ਇਸ ਲਈ ਮੈਂ ਉਨ੍ਹਾਂ ‘ਤੇ ਵਿਸ਼ਵਾਸ ਕਰ ਲਿਆ”।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ





Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC



TMG LOGISTICS INC.

Need Owner Operators

*Vancouver to California *California to Alberta Back Vancouver
*Vancouver to East USA Return

NOW HIRING

Good Paying Loads



Need Company Drivers
*Single Driver Pay 52cents/mile*
*Team Drivers 32 cents/mile*

FOR MORE INFORMATION CALL AT:
(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

VELOCITY
TRUCK CENTRES

# YOUR ALL-MAKES, ALL-MODELS PARTS HUB

ਇੱਕ ਗਲੋਬਲ ਇਨਵੈਂਟੋਰੀ ਅਤੇ DTNA ਡਿਸਟ੍ਰੀਬਿਊਸ਼ਨ ਨੈੱਟਵਰਕ ਦੁਆਰਾ ਸਮਰਥਿਤ ਅਸੀਂ ਤੁਹਾਡੇ ਫਲੀਟ ਨੂੰ ਚਲਦੇ ਰੱਖਦੇ ਹਾਂ। ਹੈਵੀ-ਡਿਊਟੀ ਟਰੱਕਾਂ ਅਤੇ ਟ੍ਰੇਲਰਾਂ ਤੋਂ ਲੈ ਕੇ ਮੋਟਰਹੋਮਾਂ ਤੱਕ ਅਸੀਂ ਤੁਹਾਨੂੰ ਲੋੜੀਂਦੇ ਪੁਰਜ਼ੇ ਪ੍ਰਦਾਨ ਕਰਦੇ ਹਾਂ ਜਿਸ ਵਿੱਚ ਡੇਟ੍ਰੋਇਟ ਡੀਜ਼ਲ, ਕਮਿੰਸ ਅਤੇ CAT ਸ਼ਾਮਲ ਹਨ।

## ਪਾਰਟਸ ਲਈ ਵੇਲੋਸਿਟੀ ਕਿਉਂ ਚੁਣੋ?

- ਇੱਕ ਗਲੋਬਲ ਡੀਲਰ ਨੈੱਟਵਰਕ ਤੱਕ ਪਹੁੰਚ
- ਡਿਲੀਵਰੀ ਅਤੇ ਸਹਾਇਤਾ ਲਈ ਸਮਰਪਿਤ ਬਾਹਰੀ ਪ੍ਰਤੀਨਿਧ
- ਅਸੈਸਰੀਜ ਅਤੇ ਕਸਟਮਾਈਜੇਸ਼ਨ ਆਪਸ਼ਨਜ
- ਸਾਡੀ ਮਾਹਰ ਸੇਵਾ ਟੀਮ ਦੁਆਰਾ ਇੰਸਟਾਲੇਸ਼ਨ ਸਰਵਿਸ

PART SPECIALS

Monthly Specials
ਨਾਲ ਲੋੜੀਂਦੇ ਪੁਰਜ਼ਿਆਂ
ਤੇ ਬੱਚਤ ਕਰੋ!



DTNA Parts™ | ALLIANCE TRUCK PARTS | Cummins | DETROIT

## ਆਸਾਨੀ ਨਾਲ ਪਾਰਟਸ ਆਰਡਰ ਕਰੋ

ਐਕਸਲੇਰੇਟਰਪਾਰਟਸ ਡਾਟ ਕਾਮ ਅਤੇ ਇਨਰ ਸਰਕਲ ਰਿਵਾਰਡਸਐਸਐਮ ਪ੍ਰੋਗਰਾਮ ਰਾਹੀਂ, ਪਾਰਟਸ ਆਰਡਰ ਕਰਨਾ ਕਦੇ ਵੀ ਸੌਖਾ ਨਹੀਂ ਰਿਹਾ:

* ਪਾਰਟਸ 'ਤੇ ਵੱਧ ਤੋਂ ਵੱਧ ਛੋਟ
* ਵਿਸ਼ੇਸ਼ ਪੇਸ਼ਕਸ਼ਾਂ ਅਤੇ ਵਾਰ-ਵਾਰ ਪ੍ਰੋਮੋਸ਼ਨ
* ਤੇਜ਼, ਸਰਲ VIN-ਅਧਾਰਤ ਆਰਡਰ

ਅੱਜ ਹੀ ਇਨਰ ਸਰਕਲ ਰਿਵਾਰਡਸ ਵਿੱਚ ਸ਼ਾਮਲ ਹੋਵੋ। ਬੱਚਤ ਸ਼ੁਰੂ ਕਰਨ ਲਈ ਆਪਣੇ ਵੇਲੋਸਿਟੀ ਪਾਰਟਸ ਪ੍ਰਤੀਨਿਧੀ ਨਾਲ ਸੰਪਰਕ ਕਰੋ।

EXCELERATOR℠
INNER CIRCLE REWARDS

Search, Find, Buy
ExceleratorParts.com

672.727.9560 | 604.888.1424 | velocitytruckcentres.ca
18688 - 96th Ave, Surrey, BC, V4N 3P9, Canada

# Call: 672-727-9560

CITY OF SURREY

# 2025 ਵਿੱਚ ਸ਼ਹਿਰ ਦੀਆਂ ਪ੍ਰਾਪਤੀਆਂ



## ਮੇਅਰ ਦਾ ਸੁਨੇਹਾ

ਸਰੀ ਇੱਕ ਅਜਿਹੇ ਸ਼ਹਿਰ ਵਜੋਂ ਲਗਾਤਾਰ ਵਧ ਰਿਹਾ ਹੈ ਜਿੱਥੇ ਮੌਕੇ, ਆਪਸੀ ਸਾਂਝ ਅਤੇ ਭਾਈਚਾਰਾ ਇਕੱਠੇ ਹੋ ਕੇ ਵੱਧਦੇ-ਫੁੱਲਦੇ ਹਨ। ਇਸ ਸਾਲ, ਅਸੀਂ ਰਿਹਾਇਸ਼, ਆਵਾਜਾਈ, ਅਤੇ ਭਾਈਚਾਰਕ ਸਹੂਲਤਾਂ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਤਰੱਕੀ ਕੀਤੀ ਹੈ, ਜਿਸ ਨਾਲ ਪਰਿਵਾਰਾਂ ਲਈ ਨਵੇਂ ਘਰ, ਸੁਰੱਖਿਅਤ ਸੜਕਾਂ ਅਤੇ ਜੀਵੰਤ ਸਥਾਨ ਉਪਲਬਧ ਹੋਏ ਹਨ। ਅਸੀਂ ਪਾਰਕਾਂ, ਮਨੋਰੰਜਨ ਸਹੂਲਤਾਂ, ਅਤੇ ਆਵਾਜਾਈ ਦੇ ਬੁਨਿਆਦੀ ਢਾਂਚੇ ਵਿੱਚ ਜੋ ਨਿਵੇਸ਼ ਕੀਤਾ ਹੈ, ਉਹ ਇੱਕ ਸੁਆਗਤਯੋਗ , ਲਚਕੀਲੇ, ਅਤੇ ਸੰਮਲਿਤ ਸਰੀ ਲਈ ਸਾਡੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਮੈਂ ਸਾਡੇ ਸਮਰਪਿਤ ਸਿਟੀ ਸਟਾਫ਼, ਭਾਈਚਾਰਕ ਭਾਈਵਾਲਾਂ ਅਤੇ ਨਿਵਾਸੀਆਂ ਦਾ ਉਹਨਾਂ ਦੇ ਸਹਿਯੋਗ ਲਈ ਧੰਨਵਾਦ ਕਰਨਾ ਚਾਹੁੰਦੀ ਹਾਂ। ਤੁਹਾਡਾ ਸਮਰਪਣ ਅਤੇ ਸਹਿਯੋਗ ਹੀ ਸਾਡੀ ਤਰੱਕੀ ਨੂੰ ਸੰਭਵ ਬਣਾਉਂਦਾ ਹੈ। ਜਿਵੇਂ ਕਿ ਅਸੀਂ ਆਉਣ ਵਾਲੇ ਸਾਲਾਂ ਲਈ ਯੋਜਨਾ ਬਣਾ ਰਹੇ ਹਾਂ, ਮੈਨੂੰ ਭਰੋਸਾ ਹੈ ਕਿ ਅਸੀਂ ਇੱਕ ਅਜਿਹੇ ਸਰੀ ਦਾ ਨਿਰਮਾਣ ਕਰਨਾ ਜਾਰੀ ਰੱਖਾਂਗੇ, ਜਿੱਥੇ ਹਰ ਕੋਈ ਸਫਲ ਹੋ ਸਕਦਾ ਹੈ। ਆਓ ਮਿਲ ਕੇ ਆਪਣੇ ਸ਼ਹਿਰ ਲਈ ਇੱਕ ਮਜ਼ਬੂਤ, ਜੀਵੰਤ, ਅਤੇ ਸੰਮਲਿਤ ਭਵਿੱਖ ਦਾ ਨਿਰਮਾਣ ਕਰੀਏ।

surrey.ca/achievements

## ਮੁੱਖ ਪੂੰਜੀ ਨਿਵੇਸ਼

**$1.6B**
ਸੜਕਾਂ, ਸੁਵਿਧਾਵਾਂ ਅਤੇ ਨਵੀਆਂ ਸਹੂਲਤਾਂ ਲਈ ਵਚਨਬੱਧ

**$310.6M**
ਨਿਊਟਨ ਕਮਿਊਨਿਟੀ ਸੈਂਟਰ ਨਿਰਮਾਣ 2026 ਤੋਂ ਸ਼ੁਰੂ

### ਇੱਕ ਸ਼ਾਨਦਾਰ ਡਾਊਨਟਾਊਨ ਬਣਾਉਣਾ:

- 10,000 ਸੀਟਾਂ ਵਾਲਾ **ਸਿਟੀ ਸੈਂਟਰ ਐਂਟਰਟੇਨਮੈਂਟ ਡਿਸਟ੍ਰਿਕਟ**
- **SFU ਸਕੂਲ ਆਫ਼ ਮੈਡੀਸਨ** ਨਿਰਮਾਣ ਅਧੀਨ ਹੈ। ਵੈਸਟਰਨ ਕੈਨੇਡਾ ਵਿੱਚ 60 ਸਾਲਾਂ ਵਿੱਚ ਪਹਿਲਾ ਮੈਡੀਕਲ ਸਕੂਲ
- **ਇੰਟਰਐਕਟਿਵ ਆਰਟ ਮਿਊਜ਼ੀਅਮ**
- 4,000 ਵਰਗ ਫੁੱਟ ਵਿੱਚ ਫੈਲਿਆ **ਆਊਟਡੋਰ ਸਕੇਟਿੰਗ ਰਿੰਕ**
- ਸਰੀ ਲਾਇਬ੍ਰੇਰੀਜ਼ ਸਿਟੀ ਸੈਂਟਰ ਬ੍ਰਾਂਚ ਵਿੱਚ ਨਵੇਂ **ਆਏ ਲੋਕਾਂ ਲਈ ਸੁਆਗਤ ਕੇਂਦਰ**

## ਸੁਰੱਖਿਆ ਦੇ ਪ੍ਰਤੀ ਵਚਨਬੱਧ ਸ਼ਹਿਰ

### ਪੁਲਿਸ

**140** ਨਵੇਂ ਪੁਲਿਸ ਅਫ਼ਸਰ

ਜਬਰੀ ਵਸੂਲੀ ਦੀ ਜਾਂਚ ਲਈ **$250K** ਇਨਾਮ ਫੰਡ

### ਅੱਗ ਬੁਝਾਊ ਸੇਵਾਵਾਂ

**20** ਨਵੇਂ ਫਾਇਰਫਾਈਟਰ ਨਿਯੁਕਤ ਕੀਤੇ ਗਏ

**4,251** ਅੱਗਾਂ ਦਾ ਸਾਹਮਣਾ

### ਬਾਏ-ਲਾਅ

**10** ਨਵੇਂ ਬਾਏ-ਲਾਅ ਅਫ਼ਸਰ

**41,511** ਬਾਏ-ਲਾਅ ਸਰਵਿਸਿਜ਼ ਕਾਲ:

- ਗੈਰ-ਕਾਨੂੰਨੀ ਉਸਾਰੀ, ਰੌਲਾ-ਰੱਪਾ , ਪਟਾਕਿਆਂ ਦੀਆਂ ਸ਼ਿਕਾਇਤਾਂ
- ਪਸ਼ੂ ਕੰਟਰੋਲ ਕਾਲਾਂ
- ਪਾਰਕਿੰਗ ਕਾਲਾਂ

**21,594** ਮੈਡੀਕਲ ਕਾਲਾਂ

**13,654** ਅਲਾਰਮ, ਬਚਾਅ, ਮੋਟਰ ਵਾਹਨ ਘਟਨਾਵਾਂ (MVI), ਹੈਜ਼ਮੈਟ ਕਾਲਾਂ ਆਦਿ।

## ਲੋਕਾਂ ਨੂੰ ਗਤੀਸ਼ੀਲ ਬਣਾਈ ਰੱਖਣਾ

**5KM**
72 ਐਵੇਨਿਊ ਰੋਡ ਐਕਸਟੈਂਸ਼ਨ
ਨਿਊਟਨ ਨੂੰ ਕਲੋਵਰਡੇਲ ਨਾਲ ਜੋੜਨਾ
ਅਗਲੇ 5 ਸਾਲਾਂ ਵਿੱਚ ਸਰੀ ਵਿੱਚ ਸੜਕਾਂ ਦੇ ਕੰਮਾਂ ਵਿੱਚ $446M ਨਿਵੇਸ਼ ਕਰਨਾ

**16KM**
ਸੁਰੀ ਲੈਂਗਲੀ ਸਕਾਈਟਰੇਨ ਪ੍ਰੋਜੈਕਟ ਚੱਲ ਰਿਹਾ ਹੈ

**+350**
ਸਥਾਨਕ ਨੌਕਰੀਆਂ ਪੈਦਾ ਕੀਤੀਆਂ

**26,255** ਇੰਜੀਨੀਅਰਿੰਗ ਸੇਵਾ ਬੇਨਤੀਆਂ ਦਾ ਜਵਾਬ ਦਿੱਤਾ ਗਿਆ

**240** ਨਵੇਂ ਟਰੱਕ ਪਾਰਕਿੰਗ ਸਟਾਲ

**19KM**
ਬੱਸ ਰੈਪਿਡ ਟਰਾਂਜ਼ਿਟ
**ਸਿਟੀ ਸੈਂਟਰ ਨੂੰ ਵਾਈਟ ਰੌਕ** ਨਾਲ ਜੋੜਨ ਵਾਲੇ ਕੋਰੀਡੋਰ ਦੀ ਯੋਜਨਾ 'ਤੇ ਕੰਮ ਚੱਲ ਰਿਹਾ ਹੈ

**30** ਨਵੇਂ ਬੱਸ ਸ਼ੈਲਟਰ ਸਥਾਪਿਤ ਕੀਤੇ ਗਏ ਹਨ

## ਸਿਹਤਮੰਦ ਸਰਗਰਮ ਭਾਈਚਾਰੇ





### ਸਹੂਲਤਾਂ ਅਤੇ ਸੁਵਿਧਾਵਾਂ

**$132.8M**

**ਕਲੋਵਰਡੇਲ ਸਪੋਰਟ ਅਤੇ ਆਈਸ ਕੰਪਲੈਕਸ:**

**2 NHL-ਆਕਾਰ ਦੀਆਂ ਆਈਸ ਸ਼ੀਟਾਂ** ਮੁਕੰਮਲ
**3RD ਆਈਸ ਸ਼ੀਟ** ਉਸਾਰੀ ਅਧੀਨ ਹੈ

**$65.5M**

**ਚੱਕ ਬੇਲੀ ਦਾ ਵਿਸਥਾਰ**


**39,000 ਸਕੁਏਅਰ ਫੁੱਟ** ਵਿੱਚ ਜਿੰਮ, ਫਿਟਨੈਸ ਸੈਂਟਰ, ਆਰਟਸ ਰੂਮ ਅਤੇ ਨੌਜਵਾਨਾਂ ਅਤੇ ਬਜ਼ੁਰਗਾਂ ਲਈ ਸੁਵਿਧਾਵਾਂ ਬਣਾਈਆਂ ਗਈਆਂ

**$31.6M**

**36 ਸਪੋਰਟਸ ਟੂਰਿਜ਼ਮ ਇਵੈਂਟਸ ਦੁਆਰਾ ਪੈਦਾ ਕੀਤੇ ਗਏ**

**$26M** **ਨਿਕੋਮੇਕਲ ਰਿਵਰਫਰੰਟ ਪਾਰਕ**

**ਸਾਊਥ ਸਰੀ ਵਿੱਚ 80 ਏਕੜ ਦਾ ਗ੍ਰੀਨ ਕੋਰੀਡੋਰ**



**ਪ੍ਰਮੁੱਖ ਸਮਾਗਮਾਂ ਵਿੱਚ**

**180,000+**

**ਲੋਕ ਸ਼ਾਮਿਲ ਹੋਏ ਜਿਸ ਨਾਲ**

**$13.5M**

**ਦਾ ਆਰਥਿਕ ਲਾਭ ਹੋਇਆ**

**160,000+**

**ਮਨੋਰੰਜਨ ਪ੍ਰੋਗਰਾਮਾਂ ਅਤੇ ਕਲਾਸਾਂ ਲਈ ਰਜਿਸਟ੍ਰੇਸ਼ਨ**



**2** **ਸਿਟੀ ਵੱਲੋਂ ਸਹਿਯੋਗ ਦਿੱਤੇ ਮੈਡੀਕਲ ਕਲੀਨਿਕ**

2026 ਗਰਮੀਆਂ ਵਿੱਚ ਖੁੱਲ ਰਹੇ ਹਨ



## ਆਰਥਿਕਤਾ ਨੂੰ ਵਧਾਉਣਾ

**10,017**

**ਨਵੀਆਂ ਨੌਕਰੀਆਂ**

**3,733**



**ਬਿਜ਼ਨਸ ਲਾਇਸੰਸ ਦਿੱਤੇ ਗਏ**

**26,138**

**ਸਰੀ ਵਿੱਚ ਬਿਜ਼ਨਸ**



**10 ਏਕੜ**

**SFU ਨਾਲ ਸਾਂਝੇਦਾਰੀ ਵਿੱਚ Agtech ਰਣਨੀਤੀਆਂ ਦੀਆਂ ਪਹਿਲਕਦਮੀਆਂ ਲਈ ਸਮਰਪਿਤ**

CITY OF SURREY

## ਸਾਰਿਆਂ ਲਈ ਰਿਹਾਇਸ਼

**ਕੀ ਤੁਸੀ ਜਾਣਦੇ ਹੋ?** ਅਸੀਂ ਹਾਲ ਹੀ ਵਿੱਚ ਰਿਹਾਇਸ਼ੀ ਪਰਮਿਟ ਲੈਣ ਦਾ ਸਮਾਂ 16 ਤੋਂ ਘਟਾ ਕੇ 4 ਹਫ਼ਤਿਆਂ ਤੱਕ ਕਰ ਦਿੱਤਾ ਹੈ

**4,080+**

**ਨਵੇਂ ਘਰਾਂ ਨੂੰ ਮਨਜ਼ੂਰੀ**

**48,000**

**ਜਾਂਚਾਂ ਪੂਰੀਆਂ ਹੋਈਆਂ**

ਬਿਲਡਿੰਗ, ਇਲੈਕਟ੍ਰੀਕਲ ਅਤੇ ਪਲੰਬਿੰਗ ਦੀਆਂ



**53%**

**ਤੋਂ ਵੱਧ**

**ਸਰੀ ਦਾ ਪ੍ਰੋਵਿੰਸ਼ੀਅਲ ਹਾਊਸਿੰਗ ਟੀਚਾ ਪੂਰਾ ਕੀਤਾ**

**16,000+**

**ਰੀਜ਼ੋਨਿੰਗ ਦੁਆਰਾ ਮਨਜ਼ੂਰ ਕੀਤੀਆਂ ਨਵੀਆਂ ਯੂਨਿਟਾਂ**

**432** **ਰੈਂਟਲ ਹਾਊਸਿੰਗ**

ਸਰੀ ਅਫੋਰਡੇਬਲ ਹਾਊਸਿੰਗ ਸਟਰੈਟਜੀ ਦੇ ਤਹਿਤ ਯੂਨਿਟਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ

**30+** ਵਿਕਾਸ ਨੂੰ ਤੇਜ਼ ਕਰਨ ਲਈ **ਪਰਮਿਟਿੰਗ ਪ੍ਰਕਿਰਿਆ ਵਿੱਚ ਅਹਿਮ ਸੁਧਾਰ ਕੀਤੇ ਗਏ।**

**$1.9B+ ਮੁੱਲ ਦੀ ਉਸਾਰੀ ਕੀਤੀ**



## ਕਾਰਵਾਈ ਵਿੱਚ ਸਥਿਰਤਾ

**92,900** ਟਨ

**ਕੂੜਾ ਲੈਂਡਫਿਲ ਵਿੱਚ ਜਾਣ ਤੋਂ ਰੋਕਿਆ ਗਿਆ** (ਕਰਬਸਾਈਡ ਪਿਕਅੱਪ ਅਤੇ ਵੇਸਟ ਡਰੋਪ)


**70,600** ਟਨ

**ਓਰਗੈਨਿਕ ਪਦਾਰਥ ਇਕੱਠੇ ਕੀਤੇ ਗਏ**



**ਅਤੇ ਸਰੀ ਬਾਇਓਫਿਊਲ ਫੈਸਲਟੀ ਵਿੱਚ ਪਹੁੰਚਾਏ ਗਏ**

ਨਵਿਆਉਣਯੋਗ ਕੁਦਰਤੀ ਗੈਸ (RNG) ਅਤੇ ਪੌਸ਼ਟਿਕ ਤੱਤਾਂ ਨਾਲ ਭਰਪੂਰ ਖਾਦ ਵਿੱਚ ਬਦਲਿਆ ਗਿਆ



**22,300** ਟਨ

**ਰੀਸਾਈਕਲ ਇਕੱਠਾ ਕੀਤਾ ਗਿਆ**

**ਪਾਰਕਲੈਂਡ ਦੀ 32.7**

**ਏਕੜ ਜ਼ਮੀਨ ਐਕੁਆਇਰ ਕੀਤੀ ਗਈ**

**10,952**

**ਰੁੱਖ ਲਗਾਏ ਗਏ**



# ਗੁਰਦਵਾਰਾ ਨਾਨਕ ਨਿਵਾਸ




8600 - NO. 5 RD., RICHMOND, B.C. • TEL: (604)274-7479, FAX: (604) 274-0046

## ਆਉਣ ਵਾਲੇ ਪ੍ਰੋਗਰਾਮ

18 ਜਨਵਰੀ ਦਿਨ ਐਤਵਾਰ ਸਵੇਰੇ 10:30 ਵਜੇ ਹਫ਼ਤਾਵਾਰੀ ਕੀਰਤਨ ਦੀਵਾਨ ਤੇ ਕਥਾ ਵਿਚਾਰ ਸਮਾਗਮ ਹੋਣਗੇ, ਉਪਰੰਤ ਲੰਗਰਾਂ ਦੀ ਸੇਵਾ ਸੰਗਤਾਂ ਦੇ ਸਹਿਯੋਗ ਨਾਲ ਹੋਵੇਗੀ।

18 ਜਨਵਰੀ ਦਿਨ ਐਤਵਾਰ ਦੁਪਹਿਰ 3:30 ਵਜੇ ਸੰਧੂ ਪਰਿਵਾਰ ਵੱਲੋਂ ਸੁਰਿੰਦਰ ਕੌਰ ਸੰਧੂ ਨਮਿਤ ਰੱਖੇ ਸ਼੍ਰੀ ਸਹਿਜ ਪਾਠ ਦੇ ਭੋਗ ਪਾਏ ਜਾਣਗੇ ਉਪਰੰਤ ਅੰਤਿਮ ਅਰਦਾਸ ਹੋਵੇਗੀ ਤੇ ਲੰਗਰ ਦੀ ਸੇਵਾ ਪਰਿਵਾਰ ਵੱਲੋਂ ਹੋਵੇਗੀ।

25 ਜਨਵਰੀ ਦਿਨ ਐਤਵਾਰ ਸਵੇਰੇ 10:30 ਵਜੇ ਹਫ਼ਤਾਵਾਰੀ ਕੀਰਤਨ ਦੀਵਾਨ ਤੇ ਕਥਾ ਵਿਚਾਰ ਸਮਾਗਮ ਹੋਣਗੇ, ਉਪਰੰਤ ਲੰਗਰਾਂ ਦੀ ਸੇਵਾ ਸੰਗਤਾਂ ਦੇ ਸਹਿਯੋਗ ਨਾਲ ਹੋਵੇਗੀ

ਸਮੂਹ ਸੰਗਤ ਨੂੰ ਬੇਨਤੀ ਹੈ ਕਿ ਹਰ ਐਤਵਾਰ ਸਵੇਰੇ 10.30 ਵਜੇ ਤੋਂ 12 ਵਜੇ ਤੱਕ ਹਫ਼ਤਾਵਾਰੀ ਕੀਰਤਨ, ਕਥਾ ਸਮਾਗਮ ਹੁੰਦੇ ਹਨ, ਸੰਗਤ ਨੂੰ ਸੱਦਾ ਦਿੱਤਾ ਜਾਂਦਾ ਹੈ ਕਿ ਹਫ਼ਤਾਵਾਰੀ ਸਮਾਗਮ ਵਿੱਚ ਆ ਕੇ ਆਪਣੇ ਜੀਵਨ ਨੂੰ ਸਫਲ ਕਰੋ। ਜੇ ਕਿਸੇ ਪਰਿਵਾਰ ਨੇ ਹਫ਼ਤਾਵਾਰੀ ਦੀਵਾਨ ਵਿੱਚ ਗੁਰਬਾਣੀ ਕੀਰਤਨ ਤੇ ਲੰਗਰਾਂ ਦੀ ਸੇਵਾ ਲੈਣੀ ਹੋਵੇ ਉਹ ਪਰਿਵਾਰ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰੋ।

ਜਰੂਰੀ ਸੂਚਨਾ: ਪੰਜਾਬੀ ਸਕੂਲ ਵਿਚ 7 ਸਤੰਬਰ ਦਿਨ ਐਤਵਾਰ ਤੋਂ ਪੰਜਾਬੀ ਕਲਾਸਾਂ ਸ਼ੁਰੂ ਹੋ ਗਈਆਂ ਹਨ, ਬੇਨਤੀ ਹੈ ਕਿ ਆਪਣੇ ਬੱਚਿਆਂ ਨੂੰ ਸਕੂਲ ਵਿੱਚ ਦਾਖਲ ਕਰਵਾਉ ਤਾਂ ਜੋ ਬੱਚੇ ਪੰਜਾਬੀ ਬੋਲ,ਪੜ੍ਹ, ਲਿਖ ਸਕਣ। ਵਧੇਰੇ ਜਾਣਕਾਰੀ ਲਈ ਸਕੱਤਰ ਸ. ਬਲਵੰਤ ਸਿੰਘ ਸੰਘੇੜਾ ਨਾਲ 604-836-8976 ਤੇ ਸੰਪਰਕ ਕਰੋ।

**ਹਰ ਮੰਗਲਵਾਰ ਸਵੇਰੇ 10 ਵਜੇ ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਕੀਤੇ ਜਾਂਦੇ ਹਨ ਅਤੇ ਲੰਗਰਾਂ ਦੀ ਸੇਵਾ ਸਮੂਹ ਸੁਖਮਨੀ ਸਾਹਿਬ ਵਾਲੀਆਂ ਬੀਬੀਆਂ ਵੱਲੋਂ ਹੁੰਦੀ ਹੈ**

### ਰੋਜ਼ਾਨਾ ਪ੍ਰੋਗਰਾਮ:

**ਸਵੇਰੇ 5:00 ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ, ਸਵੇਰੇ 6:00 ਤੋਂ 6:45 ਨਿਤਨੇਮ, ਸਵੇਰੇ 7:00 ਤੋਂ 7:30 ਕੀਰਤਨ ਦੀਵਾਨ, ਸਵੇਰੇ 7:30 ਤੋਂ 7:45 ਕਥਾ, ਸਵੇਰੇ 7:45 ਤੋਂ 8:00 ਅਰਦਾਸ ਸਮਾਪਤੀ**

### ਸ਼ਾਮ ਦੇ ਦੀਵਾਨ:

ਰਹਿਰਾਸ ਸਾਹਿਬ ਸ਼ਾਮ 6 ਤੋਂ 6:20 ਵਜੇ ਤੱਕ ਕੀਰਤਨ/ਅਰਦਾਸ/ਹੁਕਮਨਾਮਾ 6.20 ਤੋਂ 6.45 ਵਜੇ ਤੱਕ ਸੁਖਆਸਣ ਰਾਤ 8:00 ਵਜੇ

| ਪ੍ਰਧਾਨ | ਖਜ਼ਾਨਚੀ | ਸਕੱਤਰ | ਸਹਾਇਕ ਸਕੱਤਰ |
|---|---|---|---|
| ਮੋਹਨ ਸਿੰਘ ਸੰਧੂ | ਕਮਲਜੀਤ ਸਿੰਘ ਦੁਸਾਂਝ | ਬਲਵੰਤ ਸਿੰਘ ਸੰਘੇੜਾ | ਕੰਵਰਜੀਤ ਸਿੰਘ ਸਹੋਤਾ |

## ਗੁਰਦੁਆਰਾ ਸਾਹਿਬ ਦਾ ਫੋਨ:604-274-7479

Email:iccc8600@gmail.com

# ਅਮਰੀਕਾ ਨੂੰ ਮਹਿੰਗਾ ਪਵੇਗਾ ਟਰੰਪ ਦਾ ਨਵਾਂ ਫ਼ੈਸਲਾ

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ 66 ਕੌਮਾਂਤਰੀ ਤੇ ਬਹੁਰਾਸ਼ਟਰੀ ਸੰਸਥਾਵਾਂ, ਸੰਧੀਆਂ ਤੇ ਸੰਗਠਨਾਂ ਨਾਲੋਂ ਨਾਤਾ ਤੋੜਨ ਦਾ ਐਲਾਨ ਕੀਤਾ ਹੈ। ਇਹ ਸੰਸਥਾਵਾਂ ਜਾਂ ਸੰਗਠਨ ਮੌਸਮੀ ਤਬਦੀਲੀਆਂ ਦਾ ਅਸਰ ਘਟਾਉਣ, ਆਲਮੀ ਤਪਸ਼ ਦੀ ਰਫ਼ਤਾਰ ਤੇ ਪ੍ਰਭਾਵ ਸੀਮਤ ਬਣਾਉਣ, ਊਰਜਾ ਖੇਤਰ ਨੂੰ ਸਵੱਛ ਬਣਾਉਣ, ਗ਼ਰੀਬੀ ਤੇ ਭੁੱਖਮਰੀ ਉੱਤੇ ਕਾਬੂ ਪਾਉਣ, ਪੁਰਸ਼-ਇਸਤਰੀ ਸਮਾਨਤਾ ਦੇ ਸੰਕਲਪ ਨੂੰ ਹੁਲਾਰਾ ਦੇਣ ਅਤੇ ਦੁਨੀਆਂ ਦੇ ਹਰ ਕੋਨੇ ਵਿਚ ਇਨਸਾਨੀ ਜ਼ਿੰਦਗੀ ਦੀ ਬਿਹਤਰੀ ਸੰਭਵ ਬਣਾਉਣ ਵਰਗੇ ਕੰਮ ਕਰਦੀਆਂ ਆ ਰਹੀਆਂ ਹਨ।

ਇਨ੍ਹਾਂ ਵਿਚੋਂ ਤਕਰੀਬਨ ਅੱਧੀਆਂ ਸੰਯੁਕਤ ਰਾਸ਼ਟਰ ਵਲੋਂ ਸਥਾਪਿਤ ਹਨ ਅਤੇ ਇਸ ਆਲਮੀ ਸੰਸਥਾ ਦੀ ਸਿੱਧੀ ਨਿਗ਼ਰਾਨੀ ਹੇਠ ਹਨ। ਟਰੰਪ ਨੇ ਇਨ੍ਹਾਂ ਨੂੰ ਜਾਅਲੀ, ਅਮਰੀਕਾ-ਵਿਰੋਧੀ ਅਤੇ ਭ੍ਰਿਸ਼ਟਾਚਾਰੀ ਦਸਿਆ ਹੈ ਅਤੇ ਕਿਹਾ ਹੈ ਕਿ ਇਹ ਸੰਸਥਾਵਾਂ ਜਾਂ ਤਾਂ ''ਅਮਰੀਕੀ ਹਿੱਤਾਂ ਦੇ ਖ਼ਿਲਾਫ਼ ਲਗਾਤਾਰ ਭੁਗਤਦੀਆਂ ਆ ਰਹੀਆਂ ਸਨ'' ਅਤੇ ਜਾਂ ਫਿਰ ਅਮਰੀਕਾ ਵਾਸਤੇ ਬਿਲਕੁਲ ਬੇਲੋੜੀਆਂ ਤੇ ਬੇਫ਼ਾਇਦਾ ਹਨ।


ਇਨ੍ਹਾਂ ਉੱਤੇ ਅਮਰੀਕੀ ਕਰਦਾਤਿਆਂ ਦੇ ਫ਼ੰਡ ਜ਼ਾਇਆ ਕਰਨੇ ਬੇਤੁਕੇ ਹਨ। ਜਿਨ੍ਹਾਂ ਸੰਸਥਾਵਾਂ ਨਾਲੋਂ ਨਾਤਾ ਤੋੜਿਆ ਗਿਆ ਹੈ, ਉਨ੍ਹਾਂ ਵਿਚ 'ਫਰੇਮਵਰਕ ਕਨਵੈਨਸ਼ਨ ਔਨ ਕਲਾਈਮੇਟ ਚੇਂਜ' (ਯੂ.ਐੱਨ.ਐੱਫ਼. ਸੀ.ਸੀ.ਸੀ.) ਸ਼ਾਮਲ ਹੈ। 198 ਧਿਰਾਂ (ਮੁਲਕਾਂ) ਦੀ ਮੈਂਬਰੀ ਵਾਲੀ ਇਸ ਸੰਧੀ ਦਾ ਉਦੇਸ਼ ਮੌਸਮੀ ਪ੍ਰਣਾਲੀ ਵਿਚ ''ਖ਼ਤਰਨਾਕ ਮਨੁੱਖੀ ਦਖ਼ਲਅੰਦਾਜ਼ੀ'' ਦਾ ਰਲ-ਮਿਲ ਕੇ ਟਾਕਰਾ ਕਰਨਾ ਹੈ। ਫ਼ਿਜ਼ਾਈ ਤਬਦੀਲੀਆਂ ਬਾਰੇ ਪੈਰਿਸ ਕਨਵੈਨਸ਼ਨ ਨਾਲੋਂ ਟਰੰਪ ਨੇ ਪਿਛਲੇ ਸਾਲ ਹੀ ਤੋੜ-ਵਿਛੋੜਾ ਕਰ ਲਿਆ ਸੀ। ਹੁਣ ਦੁਬਾਰਾ ਉਸ ਨੇ ਇਸ ਕਨਵੈਨਸ਼ਨ ਤੋਂ ਦੂਰ ਰਹਿਣ ਦਾ ਐਲਾਨ ਕੀਤਾ ਹੈ। ਹਾਲਾਂਕਿ ਮੌਸਮੀ ਤਬਦੀਲੀਆਂ ਦੇ ਸਭ ਤੋਂ ਖ਼ਤਰਨਾਕ ਪ੍ਰਭਾਵ ਪਿਛਲੇ ਦੋ ਸਾਲਾਂ ਦੌਰਾਨ ਅਮਰੀਕਾ ਵਿਚ ਦੇਖਣ ਨੂੰ ਮਿਲੇ ਹਨ, ਫਿਰ ਵੀ ਟਰੰਪ ਇਹ ਮੰਨਣ ਲਈ ਤਿਆਰ ਨਹੀਂ ਕਿ ਆਲਮੀ ਤਪਸ਼ ਲਈ ਆਧੁਨਿਕ ਮਨੁੱਖੀ ਜੀਵਨ ਸ਼ੈਲੀ ਜਾਂ ਕਾਰਬਨ ਦਾ ਪਾਸਾਰਾ ਵਧਾਉਣ ਵਾਲੀਆਂ ਗੈਸਾਂ ਕਸੂਰਵਾਰ ਹਨ। ਅਮਰੀਕੀ ਪ੍ਰਸ਼ਾਸਨ ਨੇ ਅਮਰੀਕੀ ਵਿਗਿਆਨੀਆਂ ਵਲੋਂ ਆਲਮੀ ਤਪਸ਼, ਵਾਤਾਵਰਨ ਪਰਿਵਰਤਨ, ਜਲਵਾਯੂ ਪ੍ਰਦੂਸ਼ਣ ਆਦਿ ਬਾਰੇ ਕੌਮਾਂਤਰੀ ਜਾਂ ਬਹੁਰਾਸ਼ਟਰੀ ਕਾਨਫਰੰਸਾਂ/ਕਨਵੈਨਸ਼ਨਾਂ ਵਿਚ ਹਿੱਸਾ ਲਏ ਜਾਣ ਉੱਤੇ ਵੀ ਪਾਬੰਦੀ ਲਾਈ ਹੋਈ ਹੈ। ਇਹ ਪਾਬੰਦੀ ਇਸ ਗਰਜ਼ ਨਾਲ ਲਾਈ ਗਈ ਤਾਂਕਿ ਕੋਈ ਵੀ ਵਿਗਿਆਨੀ, ਟਰੰਪ ਪ੍ਰਸ਼ਾਸਨ ਦੇ ਫ਼ੈਸਲਿਆਂ ਦੀ ਨੁਕਤਾਚੀਨੀ ਨਾ ਕਰ ਸਕੇ। ਇਨ੍ਹਾਂ ਸਾਰੇ ਕਦਮਾਂ ਪਿੱਛੇ ਇੱਕੋ ਸੋਚ ਕੰਮ ਕਰ ਰਹੀ ਹੈ ਕਿ ਅਮਰੀਕਾ ਜੋ ਕਰੇਗਾ, ਅਪਣੀ ਮਰਜ਼ੀ ਮੁਤਾਬਿਕ ਕਰੇਗਾ। ਉਸ ਨੂੰ ਕਿਸੇ ਵੀ ਕੰਮ ਲਈ ਕਿਸੇ ਹੋਰ ਮੁਲਕ ਤੋਂ ਮਦਦ ਜਾਂ ਕਿਸੇ ਕੌਮਾਂਤਰੀ ਮੰਚ ਤੋਂ ਮਨਜ਼ੂਰੀ ਲੈਣ ਦੀ ਜ਼ਰੂਰਤ ਨਹੀਂ। ਅਮਰੀਕੀ ਮੀਡੀਆ ਵਿਚ ਇਹ ਵੀ ਚਰਚਾ ਹੈ ਕਿ ਟਰੰਪ ਪ੍ਰਸ਼ਾਸਨ, ਸੰਯੁਕਤ ਰਾਸ਼ਟਰ ਦਾ ਨਿਊ ਯਾਰਕ ਸਥਿਤ ਹੈੱਡਕੁਆਰਟਰ ਬੰਦ ਕਰਨ ਅਤੇ ਇਸ ਵਿਸ਼ਵ ਸੰਸਥਾ ਨੂੰ ਕਿਸੇ ਹੋਰ ਮੁਲਕ ਵਿਚ ਪੱਕੇ ਤੌਰ 'ਤੇ ਚਲੇ ਜਾਣ ਬਾਰੇ ਵੀ ਕਹਿ ਸਕਦਾ ਹੈ। ਵੀਰਵਾਰ ਨੂੰ ਟਰੰਪ ਨੇ ਇਕ ਟੀ.ਵੀ. ਇੰਟਰਵਿਊ ਦੌਰਾਨ ਐਲਾਨ ਕੀਤਾ ਕਿ ''ਕੋਈ ਕੌਮਾਂਤਰੀ ਕਾਨੂੰਨ, ਅਮਰੀਕੀ ਹਿੱਤਾਂ ਤੋਂ ਵੱਡਾ ਨਹੀਂ। ਲਿਹਾਜ਼ਾ, ਜੋ ਕੁਝ ਮੈਨੂੰ ਇਖ਼ਲਾਕੀ ਤੌਰ 'ਤੇ ਜਾਇਜ਼ ਜਾਪੇਗਾ, ਮੈਂ ਉਹ ਕਰਾਂਗਾ। ਮੇਰੇ ਲਈ ਮੇਰਾ ਇਖ਼ਲਾਕ ਹੀ ਕੌਮਾਂਤਰੀ ਕਾਨੂੰਨ ਹੈ।'' ਅਜਿਹੀ ਆਪਹੁਦਰੀ ਸੋਚ ਆਲਮੀ ਅਮਨ ਲਈ ਕਿੰਨੇ ਖ਼ਤਰੇ ਖੜ੍ਹੇ ਕਰ ਸਕਦੀ ਹੈ, ਇਸ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਟਰੰਪ ਦੀ ਕਿਨਾਰਾਕਸ਼ੀ ਦਾ ਖਮਿਆਜ਼ਾ ਭੁਗਤਣ ਵਾਲੀਆਂ ਸੰਧੀਆਂ ਜਾਂ ਸੰਸਥਾਵਾਂ ਵਿਚ 'ਕੌਮਾਂਤਰੀ ਸੌਰ-ਊਰਜਾ ਗੱਠਜੋੜ' (ਆਈ.ਐੱਸ.ਏ.) ਵੀ ਸ਼ਾਮਲ ਹੈ। ਭਾਰਤ ਤੇ ਫਰਾਂਸ ਵਲੋਂ ਸਾਂਝੇ ਤੌਰ 'ਤੇ ਪਰਮੋਟ ਕੀਤੇ ਗਏ ਇਸ ਗੱਠਜੋੜ ਦਾ ਮਕਸਦ ਸੌਰ-ਊਰਜਾ ਦੀ ਵਰਤੋਂ ਨੂੰ ਪੂਰੀ ਦੁਨੀਆਂ ਵਿਚ ਉਤਸ਼ਾਹਿਤ ਕਰਨਾ ਹੈ। ਅਮਰੀਕਾ ਇਸ ਵਿਚ ਸਰਗਰਮ ਭਾਈਵਾਲ ਸੀ, ਪਰ ਹੁਣ ਇਹ ਭਾਈਵਾਲੀ ਖ਼ਤਮ ਹੋਣੀ ਸੁਭਾਵਿਕ ਹੀ ਹੈ। ਇਸ ਸੰਸਥਾ ਦਾ ਸਦਰ ਮੁਕਾਮ ਗੁਰੂਗ੍ਰਾਮ ਵਿਚ ਹੈ। ਭਾਰਤ ਨੂੰ ਯਕੀਨ ਹੈ ਕਿ ਅਮਰੀਕੀ ਕਿਨਾਰਾਕਸ਼ੀ ਦੇ ਬਾਵਜੂਦ ਇਸ ਸੰਸਥਾ ਦੇ ਕੰਮ-ਕਾਜ ਵਿਚ ਖੜੋਤ ਨਹੀਂ ਆਵੇਗੀ। ਸੋਚ ਪੱਖੋਂ ਅਜਿਹੀ ਹੀ ਦਲੇਰੀ, ਆਈ.ਐੱਸ.ਏ. ਦੇ ਹੋਰਨਾਂ ਮੈਂਬਰ ਮੁਲਕਾਂ ਨੂੰ ਵੀ ਦਿਖਾਉਣੀ ਚਾਹੀਦੀ ਹੈ। 'ਅਮਰੀਕੀ ਸੁਆਰਥ ਸਭ ਤੋਂ ਪਹਿਲਾਂ' ਵਾਲਾ ਨਾਅਰਾ ਆਰਜ਼ੀ ਤੌਰ 'ਤੇ ਸਫ਼ਲ ਸਾਬਤ ਹੋ ਸਕਦਾ ਹੈ, ਸਥਾਈ ਨੀਤੀ ਨਹੀਂ ਬਣ ਸਕਦਾ। ਇਹ ਸਬਕ ਛੇਤੀ ਹੀ ਅਮਰੀਕਾ-ਵਾਸੀਆਂ ਨੂੰ ਸਪਸ਼ਟ ਹੋ ਜਾਵੇਗਾ। -ਸਪੋਕਸਮੈਨ

## ਮੱਧ ਪ੍ਰਦੇਸ਼ ਦੇ ਸਿਵਲ ਜੱਜ ਨੇ ਰੇਲ ਡੱਬੇ 'ਚ ਮੁਸਾਫਰਾਂ ਸਾਹਮਣੇ 'ਪਿਸ਼ਾਬ' ਕੀਤਾ

ਇੰਦੌਰ:-ਸਾਲ 2018 ਵਿੱਚ ਰੇਲ ਯਾਤਰਾ ਦੌਰਾਨ ਇੱਕ ਡੱਬੇ ਵਿੱਚ ਪਿਸ਼ਾਬ ਕਰਨ ਵਾਲੇ ਮੱਧ ਪ੍ਰਦੇਸ਼ ਦੇ ਇੱਕ ਸਿਵਲ ਜੱਜ ਦੇ ਕਥਿਤ ਦੁਰਵਿਵਹਾਰ 'ਤੇ ਗੁੱਸਾ ਜ਼ਾਹਿਰ ਕਰਦੇ ਹੋਏ ਸੁਪਰੀਮ ਕੋਰਟ ਨੇ ਰਾਜ ਸਰਕਾਰ ਨੂੰ ਇਸ ਮੁੱਦੇ 'ਤੇ ਆਪਣਾ ਸਟੈਂਡ ਸਪੱਸ਼ਟ ਕਰਨ ਲਈ ਕਿਹਾ ਹੈ। ਜਸਟਿਸ ਵਿਕਰਮ ਨਾਥ ਅਤੇ ਜਸਟਿਸ ਸੰਦੀਪ ਮਹਿਤਾ ਦੇ ਬੈਂਚ ਨੇ ਕਿਹਾ ਅਸੀਂ ਇਹ ਸਮਝਣ ਵਿੱਚ ਅਸਫਲ ਰਹੇ ਹਾਂ ਕਿ ਹਾਈ ਕੋਰਟ ਨੇ ਕਿਵੇਂ ਬਰਖਾਸਤਗੀ ਨੂੰ ਰੱਦ ਕੀਤਾ ... ਇੱਕ ਨਿਆਂਇਕ ਅਧਿਕਾਰੀ ਦਾ ਘਿਣਾਉਣਾ ਵਿਵਹਾਰ ਹੈ। ਤੁਸੀਂ ਸਾਰੇ ਗਵਾਹਾਂ ਨੂੰ ਮੁਕਰਾਉਣ ਵਿੱਚ ਕਾਮਯਾਬ ਰਹੇ। ਇਹ ਇੱਕ ਹੈਰਾਨ ਕਰਨ ਵਾਲਾ ਮਾਮਲਾ ਹੈ। ਤੁਸੀਂ ਡੱਬੇ ਵਿੱਚ ਮੁਸਾਫਰਾਂ ਸਾਹਮਣੇਂ ਪਿਸ਼ਾਬ ਕੀਤਾ। ਉੱਥੇ ਇੱਕ ਔਰਤ ਸੀ। ਬੈਂਚ ਨੇ ਕਿਹਾ ਕਿ ਉਹ ਇਸ ਗੱਲੋਂ ਹੈਰਾਨ ਹਨ ਕਿ ਹਾਈ ਕੋਰਟ ਨੇ ਜੱਜ ਵਿਰੁੱਧ ਕੀਤੀ ਗਈ ਅਨੁਸ਼ਾਸਨੀ ਕਾਰਵਾਈ ਵਿੱਚ ਦਖਲ ਕਿਵੇਂ ਦਿੱਤਾ।


SUPER SANDHU

ਸਾਨੂੰ ਕੈਨਰੀ, ਨਰਸਰੀ ਅਤੇ ਗਰੀਨ ਹਾਊਸ ਵਿਚ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।



ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910

Charlie Sandhu: 604-864-7711



ਮਨ ਮਨੁੱਖ ਦੀ ਕੁੰਜੀ ਹੈ — Mind is the key to the man.

NATURAL HOMEOPATHIC SOLUTIONS

Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:

• Allergy Conditions
• Colitis
• De-addiction
• Migraine
• Sexual Problems
• Arthritis
• Stress Anxiety
• All Auto-Immune Diseases



"Homeopath R S Saini receiving International Award"

Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.

ਹੋਮਿਉਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579

www.homeopathsaini.com



THE CARPLAZA
CAR ACCESSORIES

All Types Of Car Accessories & Installation Available

ਇਥੋਂ ਤੁਸੀਂ ਹਰੇਕ ਤਰ੍ਹਾਂ ਦੀ Car Accessory ਲੈ ਸਕਦੇ ਹੋ





*Seat Covers *Matts
*Woofers & Ambient Lights
*Android Car Player Available



Especially For Uber & Lyft Camera

778-977-0032, 778-713-6949

#5-12357-82A Ave, Surrey, BC

# ਅਮਰੀਕਾ ‘ਚ 2026 ਦੀ ਪਹਿਲੀ ਵੱਡੀ ਇੰਡੀਅਨ ਗੈਂਗਵਾਰ, ਲਾਰੈਂਸ ਗੈਂਗ ਦੇ ਸ਼ੂਟਰ ਦਾ ਕਤਲ



ਨਿਊਯਾਰਕ- ਅਮਰੀਕਾ ਵਿਚ ਸਾਲ 2026 ਦੀ ਪਹਿਲੀ ਵੱਡੀ ਇੰਡੀਅਨ ਗੈਂਗਵਾਰ ਸਾਹਮਣੇ ਆਈ ਹੈ, ਜਿਸ ਵਿਚ ਲਾਰੈਂਸ ਬਿਸ਼ਨੋਈ ਗੈਂਗ ਨਾਲ ਜੁੜੇ ਦੱਸੇ ਜਾਂਦੇ ਗੈਂਗਸਟਰ ਦੀ ਮੌਤ ਹੋ ਗਈ ਹੈ। ਜਾਣਕਾਰੀ ਅਨੁਸਾਰ, ਇਹ ਹਮਲਾ ਟਾਰਗੇਟ ਤਰੀਕੇ ਨਾਲ ਵਿਰੋਧੀ ਗੈਂਗਾਂ ਵੱਲੋਂ ਕੀਤਾ ਗਿਆ ਹੈ।

ਸੂਤਰਾਂ ਦੇ ਹਵਾਲੇ ਨਾਲ ਖ਼ਬਰ ਮਿਲੀ ਹੈ ਕਿ ਅਮਰੀਕਾ ਦੇ ਇੰਡੀਆਨਾ ਵਿਚ ਵੀਰੇਂਦਰ ਸੈਂਭੀ ਨਾਮ ਦੇ ਗੈਂਗਸਟਰ ਦਾ ਕਤਲ ਕਰ ਦਿੱਤਾ ਗਿਆ ਹੈ। ਸੋਸ਼ਲ ਮੀਡੀਆ ‘ਤੇ ਵਾਇਰਲ ਹੋਈ ਇੱਕ ਪੋਸਟ ਵਿਚ ਬਲਜੋਤ ਅਤੇ ਜੱਸਾ ਨਾਮ ਦੇ ਵਿਅਕਤੀਆਂ ਨੇ ਇਸ ਕਤਲ ਦੀ ਜ਼ਿੰਮੇਵਾਰੀ ਲਈ ਹੈ। ਦਾਅਵਾ ਕੀਤਾ ਜਾ ਰਿਹਾ ਹੈ ਕਿ ਮ੍ਰਿਤਕ ਲਾਰੈਂਸ ਬਿਸ਼ਨੋਈ ਦੇ ਅੰਤਰਰਾਸ਼ਟਰੀ ਨੈੱਟਵਰਕ ਦਾ ਹਿੱਸਾ ਸੀ ਅਤੇ ਅਮਰੀਕਾ ਵਿਚ ਰਹਿ ਕੇ ਅਪਰਾਧਿਕ ਗਤੀਵਿਧੀਆਂ ਚਲਾ ਰਿਹਾ ਸੀ।

ਸੋਸ਼ਲ ਮੀਡੀਆ ਪੋਸਟ ‘ਚ ਦੋਸ਼ ਲਾਇਆ ਗਿਆ ਹੈ ਕਿ ਮ੍ਰਿਤਕ ਲਾਰੈਂਸ ਦੇ ਨਾਮ ਦੀ ਵਰਤੋਂ ਕਰਕੇ ਉਗਰਾਹੀ ਕਰਦਾ ਸੀ ਅਤੇ ਟ੍ਰੇਲਰਾਂ ਦੀ ਚੋਰੀ ਕਰਵਾਉਂਦਾ ਸੀ। ਇਸ ਤੋਂ ਇਲਾਵਾ, ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਮ੍ਰਿਤਕ ਨੇ ਪਹਿਲਾਂ ‘ਜੱਸਾ’ ‘ਤੇ ਫਾਇਰਿੰਗ ਕਰਵਾਈ ਸੀ, ਜਿਸ ਦਾ ਬਦਲਾ ਲੈਣ ਲਈ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਹੈ। ਵਿਰੋਧੀ ਗੈਂਗ ਨੇ ਚਿਤਾਵਨੀ ਦਿੱਤੀ ਹੈ ਕਿ ਆਉਣ ਵਾਲੇ ਸਮੇਂ ਵਿਚ ਉਹ ਹੋਰ ਵੀ ‘ਸਰਪ੍ਰਾਈਜ਼’ ਦੇਣਗੇ।

ਇਸ ਘਟਨਾ ਤੋਂ ਬਾਅਦ ਅਮਰੀਕੀ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਤੇ ਭਾਰਤੀ ਖੁਫੀਆ ਏਜੰਸੀਆਂ ਚੌਕਸ ਹੋ ਗਈਆਂ ਹਨ। ਮਾਹਰਾਂ ਦਾ ਮੰਨਣਾ ਹੈ ਕਿ ਇਹ ਕੈਨੇਡਾ, ਅਮਰੀਕਾ ਤੇ ਯੂਰਪ ‘ਚ ਭਾਰਤੀ ਗੈਂਗਾਂ ਵਿਚਾਲੇ ਵਧਦੀ ਦੁਸ਼ਮਣੀ ਦਾ ਸੰਕੇਤ ਹੈ। ਹਾਲਾਂਕਿ, ਅਮਰੀਕੀ ਏਜੰਸੀਆਂ ਨੇ ਅਜੇ ਤੱਕ ਮ੍ਰਿਤਕਾਂ ਦੀ ਅਧਿਕਾਰਤ ਪਛਾਣ ਜਨਤਕ ਨਹੀਂ ਕੀਤੀ ਹੈ।

# ਟਰੰਪ ਨੇ ਸੋਸ਼ਲ ਮੀਡੀਆ ਪੋਸਟ ‘ਚ ਖੁਦ ਨੂੰ ਦੱਸਿਆ ਵੈਨੇਜ਼ੁਏਲਾ ਦਾ ਕਾਰਜਕਾਰੀ ਰਾਸ਼ਟਰਪਤੀ



ਨਿਊਯਾਰਕ:ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਆਪਣੀ ਸੋਸ਼ਲ ਮੀਡੀਆ ਸਾਈਟ ‘ਟਰੂਥ ਸੋਸ਼ਲ’ ‘ਤੇ ਆਪਣੀ ਇਕ ਤਸਵੀਰ ਪੋਸਟ ਕੀਤੀ ਹੈ, ਜਿਸ ਵਿਚ ਉਨ੍ਹਾਂ ਦਾ ਅਹੁਦਾ ”ਵੈਨੇਜ਼ੁਏਲਾ ਦਾ ਕਾਰਜਕਾਰੀ ਰਾਸ਼ਟਰਪਤੀ” ਲਿਖਿਆ ਹੋਇਆ ਹੈ।ਐਤਵਾਰ ਨੂੰ ਕੀਤੀ ਗਈ ਇਸ ਪੋਸਟ ਵਿਚ ਟਰੰਪ ਦੀ ਅਧਿਕਾਰਤ ਤਸਵੀਰ ਦੇ ਨਾਲ ”ਵੈਨੇਜ਼ੁਏਲਾ ਦਾ ਕਾਰਜਕਾਰੀ ਰਾਸ਼ਟਰਪਤੀ ਦਾ ਅਹੁਦਾ ਸੰਭਾਲਿਆ ਜਨਵਰੀ 2026” ਲਿਖਿਆ ਗਿਆ ਹੈ ਅਤੇ ਇਸ ਵਿਚ ਉਨ੍ਹਾਂ ਨੂੰ ਸੰਯੁਕਤ ਰਾਜ ਦੇ 45ਵੇਂ ਅਤੇ 47ਵੇਂ ਰਾਸ਼ਟਰਪਤੀ ਵਜੋਂ ਵੀ ਦਰਸਾਇਆ ਗਿਆ ਹੈ, ਜਿਨ੍ਹਾਂ ਨੇ 20 ਜਨਵਰੀ 2025 ਨੂੰ ਅਹੁਦਾ ਸੰਭਾਲਿਆ ਸੀ।ਜ਼ਿਕਰਯੋਗ ਹੈ ਕਿ ਇਸ ਮਹੀਨੇ ਦੇ ਸ਼ੁਰੂ ਵਿਚ ਅਮਰੀਕਾ ਨੇ ਵੈਨੇਜ਼ੁਏਲਾ ਵਿਰੁੱਧ ”ਵੱਡੇ ਪੱਧਰ” ‘ਤੇ ਕਾਰਵਾਈ ਕਰਦਿਆਂ ਦੇਸ਼ ਦੇ ਨੇਤਾ ਨਿਕੋਲਸ ਮਾਦੁਰੋ ਨੂੰ ਹਿਰਾਸਤ ਵਿਚ ਲਿਆ ਸੀ, ਜਿਨ੍ਹਾਂ ਨੂੰ ਉਨ੍ਹਾਂ ਦੀ ਪਤਨੀ ਸੀਲੀਆ ਫਲੋਰਸ ਸਮੇਤ ਨਿਊਯਾਰਕ ਲਿਜਾਇਆ ਗਿਆ, ਜਿੱਥੇ ਉਨ੍ਹਾਂ ‘ਤੇ ਨਾਰਕੋ-ਟੈਰਰਿਜ਼ਮ ਸਾਜ਼ਿਸ਼ ਦੇ ਦੋਸ਼ ਲਗਾਏ ਗਏ ਹਨ।ਟਰੰਪ ਨੇ ਕਿਹਾ ਹੈ ਕਿ ਅਮਰੀਕਾ ਉਦੋਂ ਤੱਕ ਵੈਨੇਜ਼ੁਏਲਾ ਦਾ ਪ੍ਰਬੰਧ ਚਲਾਏਗਾ, ਜਦੋਂ ਤੱਕ ਇੱਕ ਸੁਰੱਖਿਅਤ ਅਤੇ ਉਚਿਤ ਸੱਤਾ ਤਬਦੀਲੀ ਨਹੀਂ ਹੋ ਜਾਂਦੀ, ਕਿਉਂਕਿ ਉਹ ਕਿਸੇ ਅਜਿਹੇ ਵਿਅਕਤੀ ਨੂੰ ਵਾਗਡੋਰ ਨਹੀਂ ਸੌਂਪ ਸਕਦੇ, ਜੋ ਵੈਨੇਜ਼ੁਏਲਾ ਦੇ ਹਿੱਤਾਂ ਦਾ ਧਿਆਨ ਨਾ ਰੱਖਦਾ ਹੋਵੇ।





A-CLASS Appliance Rep.

*Stove *Fridges
*Washer *Dryers
*Dishwasher *Freezer
*Garburator *Hot Water Tank
*Hot Water Heating Furnace



GURJIT
CERTIFIED TECHNICIAN
(24Hrs)
Off: 604-543-6239
#103-12465-82Ave Surrey, BC

A-CLASS Electric Ltd.


*House *Commercial *Industrial *Renovation
*Town Houses Wiring *Build-In Vaccum
*Security System & Monitoring
*Intercom's Video Monitored Intercom

FREE ESTIMATES
Cell: 604-351-2538
Tel:604-596-5474



MANJIT
CLASS "A" CERTIFIED & LICENCED ELECTRICIANS

DAWN RENOVATION
Commercial & Residential
ਹਰ ਤਰ੍ਹਾਂ ਦੀ ਰੂਫਿੰਗ ਦਾ ਕੰਮ ਵੀ ਕੀਤਾ ਜਾਂਦਾ ਹੈ
Certified Electrician, Builder, Construction & Development
ਬੇਸਮੈਂਟ ਰੈਨੋਵੇਸ਼ਨ * ਵਾਸ਼ਰੂਮ * ਕਿਚਨ ਅਤੇ ਸਨਡੈਕ * ਪਲਬਿੰਗ / ਹੀਟਿੰਗ * ਪੇਂਟਿੰਗ*
ਹਰ ਤਰ੍ਹਾਂ ਦੀ ਬਿਜਲੀ ਦਾ ਕੰਮ।



ਨਵੇਂ ਅਤੇ ਪੁਰਾਣੇ ਘਰਾਂ ਦੀ ਰੈਨੋਵੇਸ਼ਨ ਦੇ ਮਾਹਿਰ
ਦਲਜੀਤ ਸਿੰਘ ਧਾਮੀ ਜਾਂ ਇੰਦਰਜੀਤ ਸਿੰਘ ਨੂੰ
ਮੁਫਤ ਐਸਟੀਮੇਟ ਲੈਣ ਲਈ ਫੋਨ ਕਰੋ
604-716-3534 / 778-881-0236
daljitsinghdhami@gmail.com

ਅਸੀਂ ਪੂਰੇ ਘਰ ਦੀ ਰੈਨੋਵੇਸ਼ਨ ਸਮੇਤ ਪਲਬਿੰਗ, ਹੀਟਿੰਗ, ਇਲੈਕਟ੍ਰੀਕਲ ਆਦਿ ਬਹੁਤ ਵਾਜਿਬ ਕੀਮਤਾਂ ‘ਤੇ ਕਰਦੇ ਹਾਂ
ਲੱਖੀ ਰੈਨੋਵੇਸ਼ਨ



• ਵਾਸ਼ਰੂਮ ਅਤੇ ਕਿਚਨ ਦੀ ਰੈਨੋਵੇਸ਼ਨ
• ਬੇਸਮੈਂਟ ਦੀ ਰੈਨੋਵੇਸ਼ਨ
• ਡੋਰ ਐਂਡ ਮੋਲਡਿੰਗ
• ਵਲੇਮੀਨੇਟ ਫਲੋਰਿੰਗ ਅਤੇ ਬੇਸਬੋਰਡ
• ਫਲੋਰ ਅਤੇ ਵਾਲ ਟਾਈਲਜ਼
• ਪੁਰਾਣਾ ਅਤੇ ਨਵਾਂ ਪੁਰਾਣਾ ਸਨਡੈਕ
• ਘਰ ਨੂੰ ਵਧਾਉਣਾ
• ਪੇਟਿੰਗ
• ਕਾਰਪੇਂਟਰੀ
• ਪੌੜੀਆਂ
• ਫਿਨਸ਼ਿੰਗ
• ਫਰੇਮਿੰਗ
15 ਸਾਲਾ ਦਾ ਤਜ਼ਰਬਾ
ਹੋਰ ਜਾਣਕਾਰੀ ਲਈ ਫੋਨ ਕਰੋ :
ਪੂਰਾ ਕੰਮ ਸਮੇਂ ਅਤੇ ਵਾਜਿਬ ਰੇਟ ‘ਤੇ ਗਰੰਟੀ ਨਾਲ ਕਰਦੇ ਹਾਂ
ਅਸੀਂ ਤਸੱਲੀਬਖਸ਼ ਕੰਮ ਕਰਦੇ ਹਾਂ
ਲੱਖਵਿੰਦਰ ਸੈਂਹਬੀ : 604-621-0206
lakhwindersembhi@yahoo.ca

STORM
ELECTRIC LTD.
Residential & Commercial
Licenced & Bonded



*All Kinds Of Electrical Service
*Best Rate
*Friendly Service
*Quality Workmanship
Mandeep Dhaliwal
(Certified Electrician)
778-994-7207
Email:stormelectricltd@gmail.com

Up-To-Date Finishing
ਅਸੀਂ ਪੁਰਾਣੇ ਘਰਾਂ ਦੀ ਹਰ ਤਰ੍ਹਾਂ ਦੀ ਰੈਨੋਵੇਸ਼ਨ ਕਰਦੇ ਹਾਂ
We are specialized in Custom Wood Working:
Residential & Commercial Renovations
•Doors
•Mouldings
•Fire Place
•Base Board
•Hardy Plank
•Wood Floor




Sanjeev Dhir
sanjeevkumarsk52@gmail.com
778.320.9413

# ਬਿਹਾਰ ਵਿਚ ਹੁਣ ਸਿੱਖਾਂ ਦੇ ਵਿਆਹ ਆਨੰਦ ਕਾਰਜ ਐਕਟ ਹੇਠ ਰਜਿਸਟਰ ਹੋ ਸਕਣਗੇ

ਪਟਨਾ:ਬਿਹਾਰ ਸਰਕਾਰ ਨੇ ਬਿਹਾਰ ਆਨੰਦ ਕਾਰਜ ਵਿਆਹ ਰਜਿਸਟ੍ਰੇਸ਼ਨ ਨਿਯਮ, 2025 ਨੂੰ ਮਨਜ਼ੂਰੀ ਦੇ ਦਿੱਤੀ ਹੈ।ਇਸ ਨਾਲ ਹੁਣ ਸਿੱਖਾਂ ਦੇ ਵਿਆਹ, ਜੋ ਆਨੰਦ ਕਾਰਜ ਰਸਮ ਅਨੁਸਾਰ ਕੀਤੇ ਜਾਂਦੇ ਹਨ, ਸਰਕਾਰੀ ਤੌਰ 'ਤੇ ਰਜਿਸਟਰ ਹੋ ਸਕਣਗੇ। ਇਹ ਫ਼ੈਸਲਾ ਸੁਪਰੀਮ ਕੋਰਟ ਦੇ ਅਮਨਜੋਤ ਸਿੰਘ ਚੱਢਾ ਬਨਾ ਭਾਰਤ ਸਰਕਾਰ (2022) ਦੇ ਕੇਸ 'ਚ ਹੁਕਮ ਤੋਂ ਬਾਅਦ ਆਇਆ ਹੈ, ਜਿਸ ਵਿੱਚ ਸਾਰੇ ਸੂਬਿਆਂ ਨੂੰ ਆਨੰਦ ਮੈਰਿਜ ਐਕਟ, 1909 (ਸੋਧ 2012) ਅਧੀਨ ਨਿਯਮ ਬਣਾਉਣ ਲਈ ਕਿਹਾ ਗਿਆ ਸੀ। ਮੁੱਖ ਮੰਤਰੀ ਨੀਤਿਸ਼ ਕੁਮਾਰ ਦੀ ਅਗਵਾਈ ਵਾਲੀ ਕੈਬਿਨੇਟ ਨੇ ਇਹ ਮਤਾ ਪਾਸ ਕੀਤਾ।ਵਿੱਤ ਵਿਭਾਗ ਦੇ ਵਾਧੂ ਮੁੱਖ ਸਕੱਤਰ ਅਰਵਿੰਦ ਕੁਮਾਰ ਚੌਧਰੀ ਨੇ ਕਿਹਾ ਕਿ "ਗਜ਼ਟ ਨੋਟੀਫਿਕੇਸ਼ਨ ਤੋਂ ਬਾਅਦ ਇਹ ਸਿੱਖ ਭਾਈਚਾਰੇ ਲਈ ਸਮਾਜਕ, ਸੱਭਿਆਚਾਰਕ ਅਤੇ ਧਾਰਮਿਕ ਪੱਖੋਂ ਮਹੱਤਵਪੂਰਨ ਹੋਵੇਗਾ।ਬਿਹਾਰ ਦਾ ਸਿੱਖ ਧਰਮ ਨਾਲ ਡੂੰਘਾ ਨਾਤਾ ਹੈ। ਪਟਨਾ ਸਾਹਿਬ, ਜੋ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਸਥਾਨ ਹੈ, ਵਿਸ਼ਵ ਪ੍ਰਸਿੱਧ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਦਾ ਘਰ ਹੈ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਵੀ ਬਿਹਾਰ ਵਿੱਚ ਰਹੇ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਕਈ ਜ਼ਿਲ੍ਹਿਆਂ ਵਿੱਚ ਫੈਲੀਆਂ।

# ਵਿਸ਼ਵ ਮਹਿਲਾ ਹਾਕੀ ਚੈਂਪੀਅਨਸ਼ਿਪ ਵਿੱਚ ਕੈਨੇਡਾ ਦੀ ਸ਼ਾਨਦਾਰ ਜਿੱਤ, ਹੰਗਰੀ ਨੂੰ 14–0 ਨਾਲ ਹਰਾਇਆ

ਵੈਨਕੂਵਰ,(ਮਲਕੀਤ ਸਿੰਘ)— ਅੰਡਰ-18 ਵਿਸ਼ਵ ਮਹਿਲਾ ਹਾਕੀ ਚੈਂਪੀਅਨਸ਼ਿਪ ਦੇ ਕੌਮਾਂਤਰੀ ਪੱਧਰ ਦੇ ਮੁਕਾਬਲੇ ਵਿੱਚ ਕੈਨੇਡਾ ਦੀ ਮਹਿਲਾ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਹੰਗਰੀ ਦੀ ਟੀਮ ਨੂੰ 14–0 ਨਾਲ ਕਰਾਰੀ ਹਾਰ ਦੇ ਕੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ । ਇਹ ਮੈਚ ਨੋਵਾ ਸਕੋਸ਼ੀਆ ਦੇ ਸਿਡਨੀ ਸ਼ਹਿਰ ਵਿੱਚ ਖੇਡਿਆ ਗਿਆ।ਕੈਨੇਡਾ ਦੀ ਟੀਮ ਦੀ ਅਗਵਾਈ ਕਰ ਰਹੀ ਕਪਤਾਨ ਹੇਲੀ ਮੈਕਡੋਨਲਡ ਅਤੇ ਖਿਡਾਰਣ ਅਡਰੀਆਨਾ ਮਿਲਾਨੀ ਨੇ ਮੈਚ ਦੇ ਸ਼ੁਰੂਆਤੀ ਦੌਰ ਦੌਰਾਨ 3-3 ਗੋਲ ਕਰਕੇ ਟੀਮ ਨੂ ਜਿੱਤ ਵੱਲ ਉਲਾਰਿਆ।ਦੋਹਾਂ ਦੀ ਤੇਜ਼ ਰਫ਼ਤਾਰ ਅਤੇ ਸਹੀ ਨਿਸ਼ਾਨਾਬੰਦੀ ਨੇ ਹੰਗਰੀ ਦੀ ਰੱਖਿਆ ਨੂੰ ਪੂਰੀ ਤਰ੍ਹਾਂ ਬੇਬਸ ਕਰ ਦਿੱਤਾ।ਗੋਲ ਰੱਖਿਆ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਰੋਵਨ ਹੌਵਲਿੰਗ ਨੇ ਲਗਾਤਾਰ 11 ਵਾਰ ਸ਼ਾਨਦਾਰ ਬਚਾਅ ਕਰਕੇ ਆਪਣਾ ਦਰਵਾਜ਼ਾ ਬੰਦ ਰੱਖਿਆ।ਪੂਰੇ ਮੈਚ ਦੌਰਾਨ ਕੈਨੇਡਾ ਦੀ ਟੀਮ ਨੇ ਹਮਲਾਵਰ ਰਵੱਈਆ ਕਾਇਮ ਰੱਖਿਆ।ਇਸ ਵੱਡੀ ਜਿੱਤ ਨਾਲ ਕੈਨੇਡਾ ਨੇ ਚੈਂਪੀਅਨਸ਼ਿਪ ਵਿੱਚ ਆਪਣੀ ਅਜੇਤੂ ਲੜੀ ਜਾਰੀ ਰੱਖੀ ਹੈ ਅਤੇ ਖਿਤਾਬ ਦੀ ਦੌੜ ਵਿੱਚ ਆਪਣੀ ਸਥਿਤੀ ਹੋਰ ਮਜ਼ਬੂਤ ਕਰ ਲਈ ਹੈ। ਕਨੇਡਾ ਦੇ ਖੇਡ ਪ੍ਰੇਮੀਆ 'ਚ ਇਸ ਜਿੱਤ ਕਾਰਨ ਖੁਸ਼ੀ ਦਾ ਆਲਮ ਛਾਇਆ ਮਹਿਸੂਸ ਕੀਤਾ ਜਾ ਰਿਹਾ ਹੈ।




HOME IMPROVEMENT

SINGH RAJ
RENOVATION CO.
We noticed your house needs minor repair
Unsure ofyourhousehold fixtures?
Just to replace or repair? Get it Done Today!
We guaranteed Singh Raj Renovation is the smartest choice for household small jobs
*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.
SPECIALISTS IN
Maintain+Repair & New Installation
Reasonable Rates
20Yrs Exprienced
Call Raj: 778-229-9261

TOOR LANDSCAPING & FENCE
RESIDENTIAL & COMMERCIAL
• ਅਸੀਂ ਨਵੇਂ ਅਤੇ ਪੁਰਾਣੇਂ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
• 2X3 ਦਾ ਫਰੇਮ ਸੋਲਿਡ $210 ਦਾ ਪੈਨਲ
• ਪੁਰਾਣੀਂ ਚੁੱਕ ਕੇ ਲੈ ਜਾਂਦੇ ਹਾਂ।
• ਕੰਮ ਦੀ ਪੂਰੀ ਪੂਰੀ ਗਰੰਟੀ ਹੈ।
• ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।
ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ
ਅਸੀਂ ਲੋਹੇ ਅਤੇ ਵਾਈਨਲ ਦੀ ਫੈਂਸ ਵੀ ਲਾਉਂਦੇ ਹਾਂ
ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ
604-729-3225
ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।
ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

ਪੰਜਾਬ ਗਾਰਡੀਅਨ ਨਾਲ ਐਡ ਪਾਓ ਅਤੇ ਆਪਣਾ ਬਿਜ਼ਨਸ ਵਧਾਓ
ਪੰਜਾਬ ਗਾਰਡੀਅਨ
Call to Advertise
604-590-5200

ਸੰਦਲ ਰੈਨੋਵੇਸ਼ਨ
Your's Complete Home Renovation
* ਫਰੇਮਿੰਗ * ਇਲੈਕਟ੍ਰੀਕਲ
* ਡਰਾਈਵਾਲ * ਪਲਬਿੰਗ
* ਪੇਂਟਿੰਗ * ਕਾਰਪੇਟ
* ਟਾਈਲਜ਼ * ਰੂਫਿੰਗ ਦਾ ਕੰਮ
* ਲੈਮੀਨੇਟ * ਸਨਡੈਕ ਦੀ ਰਿਪੇਅਰ
ਮੁਫਤ ਐਸਟੀਮੇਟ ਲਈ ਸੰਪਰਕ ਕਰੋ
ਭਿੰਦਰ:604-725-6270

GARCHA Plumbing Heating & Repair Ltd.
15 Yrs Experience
ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ
* Hot Water Tank Replacement
* Boiler & Furnace Repair
* Drain Cleaning
* Certified Plumber
ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ
Amarjit Singh Garcha
604-306-3276
Big Or Small, We Do It All

BT LINE PAINTING CO.
ਟੋਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ
SPECIALIZING IN:
Spray & Roller Panting * Interior & Exterior * Pressure Washing*
ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।
ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੁਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ
ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ
For FREE estimates call Mr. Kulwant Singh Boyal
Cell: 604-340-7497 Res: 604-543-8064

# ਇੰਡੋ ਕਨੇਡੀਅਨ ਸੀਨੀਅਰ ਸੈਂਟਰ ਨੇ ਲੋਹੜੀ ਸਮਾਗਮ ਧੂਮ ਧਾਮ ਨਾਲ ਮਨਾਇਆ






ਸਰੀ:-ਇੰਡੋ ਕਨੇਡੀਅਨ ਸੀਨੀਅਰ ਸੈਂਟਰ ਸਰ੍ਹੀ-ਡੈਲਟਾ ਨੇ 13 ਜਨਵਰੀ, 2026 ਨੂੰ ਲੋਹੜੀ ਬੜੀ ਧੂਮਧਾਮ ਨਾਲ ਮਨਾਈ॥ ਸੈਂਟਰ ਦੇ ਹੇਠਲੇ ਹਾਲ ਵਿੱਚ ਬਜੁਰਗਾਂ ਨੇ ਅਤੇ ਉਪਰਲੇ ਹਾਲ ਵਿੱਚ ਲੇਡੀਈਜ ਨੇ ਖੂਬ ਗੀਤਾਂ ਦਾ ਆਨੰਦ ਮਾਣਿਆ। ਰਸ- ਭਰੀਆਂ ਕਵੀਤਾਵਾਂ ਗਾਈਆਂ ਗਈਆ। ਸੈਂਟਰ ਦੇ ਪ੍ਰਧਾਨ ਸ: ਅਵਤਾਰ ਸਿੰਘ ਢਿੱਲੋ ਨੇ ਬਜੁਰਗਾਂ ਨੂੰ ਸੰਬੋਧਿਤ ਕੀਤਾ ਅਤੇ ਸਾਰਿਆਂ ਦਾ ਧੰਨਵਾਦ ਕੀਤਾ। ਇਸ ਅਵਸਰ ਤੇ ਮਿਠਾਈ, ਰੇਵੜੀਆਂ, ਚਾਹ-ਪਾਣੀ ਦੀ ਸੇਵਾ ਸ: ਮਹਿੰਦਰ ਸਿੰਘ ਟੱਗਰ ਵਲੋ ਕੀਤੀ ਗਈ।

# ਸ. ਬਰਜਿੰਦਰ ਸਿੰਘ ਢਾਹਾਂ ਨੂੰ ਗਹਿਰਾ ਸਦਮਾ ਮਾਤਾ ਜੀ ਕਸ਼ਮੀਰ ਕੌਰ ਢਾਹਾਂ ਦਾ ਦਿਹਾਂਤ



ਵੈਨਕੂਵਰ:- ਢਾਹਾਂ ਸਾਹਿਤ ਇਨਾਮ ਦੇ ਸੰਸਥਾਪਕ ਅਤੇ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਮੀਤ ਪ੍ਰਧਾਨ ਬਰਜਿੰਦਰ ਸਿੰਘ ਢਾਹਾਂ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ ਜਦ ਉਨ੍ਹਾਂ ਦੇ ਮਾਤਾ ਜੀ ਸਰਦਾਰਨੀ ਕਸ਼ਮੀਰ ਕੌਰ ਢਾਹਾਂ ਸੁਪਤਨੀ ਬਾਬਾ ਬੁੱਧ ਸਿੰਘ ਢਾਹਾਂ ਬਾਨੀ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦਾ ਵੈਨਕੂਵਰ (ਕੈਨੇਡਾ) ਵਿਖੇ ਦਿਹਾਂਤ ਹੋ ਗਿਆ।ਬੀਜੀ ਕਸ਼ਮੀਰ ਕੌਰ ਜੀ ਢਾਹਾਂ ਕਲੇਰਾਂ ਵਿਖੇ ਹਸਪਤਾਲ ਅਤੇ ਵਿੱਦਿਅਕ ਸੰਸਥਾਵਾਂ ਦੀ ਕਾਇਮੀ ਵਿਚ ਬਾਬਾ ਬੁੱਧ ਸਿੰਘ ਢਾਹਾਂ ਦੇ ਪ੍ਰਮੁੱਖ ਪ੍ਰੇਰਨਾ ਸਰੋਤ ਅਤੇ ਸਹਿਯੋਗੀ ਸਨ।ਦਸੰਬਰ 2025 ਵਿਚ ਉਨ੍ਹਾਂ ਦਾ 100ਵਾਂ ਜਨਮ ਪਰਿਵਾਰ ਤੇ ਸ਼ੁਭਚਿੰਤਕਾਂ ਵੱਲੋਂ ਮਨਾਇਆ ਗਿਆ ਸੀ।ਬੀਜੀ ਬਹੁਤ ਨੇਕ ਸੁਭਾਅ ਦੇ ਸਮਾਜ ਸੇਵੀ ਅਤੇ ਧਾਰਮਿਕ ਸ਼ਖਸੀਅਤ ਸਨ।ਇਸ ਦੁੱਖ ਦੀ ਘੜੀ ਵਿਚ ਬਰਜਿੰਦਰ ਸਿੰਘ ਢਾਹਾਂ ਨਾਲ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ, ਹਰਦੇਵ ਸਿੰਘ ਕਾਹਮਾ, ਸ. ਮਲਕੀਅਤ ਸਿੰਘ ਬਾਹੜੋਵਾਲ, ਜੋਗਿੰਦਰ ਸਿੰਘ ਸਾਧੜਾ, ਅਮਰਜੀਤ ਸਿੰਘ ਕਲੇਰਾਂ, ਸੁਰਿੰਦਰਪਾਲ ਸਿੰਘ ਥੰਮਣਵਾਲ, ਬੀਬੀ ਬਲਵਿੰਦਰ ਕੌਰ ਕਲਸੀ, ਜਗਜੀਤ ਸਿੰਘ ਸੋਢੀ, ਸੀਤਲ ਸਿੰਘ ਸਿੱਧੂ ਯੂ ਕੇ, ਦਰਸ਼ਨ ਸਿੰਘ ਮਾਹਿਲ ਕੈਨੇਡਾ, ਨਰਿੰਦਰ ਸਿੰਘ ਸ਼ੇਰਗਿੱਲ ਕੈਨੇਡਾ, ਜਥੇਦਾਰ ਸਤਨਾਮ ਸਿੰਘ ਲਾਦੀਆਂ, ਦਵਿੰਦਰ ਸਿੰਘ ਢਿੱਲੋਂ ਅਮਰੀਕਾ, ਗੁਰਦੀਪ ਸਿੰਘ ਢਾਹਾਂ, ਬਰਜਿੰਦਰ ਸਿੰਘ ਹੈਪੀ ਕਲੇਰਾਂ, ਪ੍ਰੋਫੈਸਰ ਹਰਬੰਸ ਸਿੰਘ ਬੋਲੀਨਾ ਡਾਇਰੈਕਟਰ ਸਿੱਖਿਆ, ਮਹਿੰਦਰਪਾਲ ਸਿੰਘ ਦਫਤਰ ਸੁਪਰਡੈਂਟ, ਮੈਡਮ ਰਮਨਦੀਪ ਕੌਰ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ਼ ਨਰਸਿੰਗ, ਮੈਡਮ ਵਨੀਤਾ ਚੋਟ ਪ੍ਰਿੰਸੀਪਲ ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਰਾਜਦੀਪ ਥਿਦਵਾਰ ਵਾਈਸ ਪ੍ਰਿੰਸੀਪਲ ਗੁਰੂ ਨਾਨਕ ਪੈਰਾ ਮੈਡੀਕਲ ਕਾਲਜ, ਡਾ. ਜਸਦੀਪ ਸਿੰਘ ਸੈਣੀ ਮੈਡੀਕਲ ਸੁਪਰਡੈਂਟ ਗੁਰੂ ਨਾਨਕ ਮਿਸ਼ਨ ਹਸਪਤਾਲ, ਮੈਡਮ ਦਵਿੰਦਰ ਕੌਰ ਨਰਸਿੰਗ ਸੁਪਰਡੈਂਟ, ਭਾਈ ਜੋਗਾ ਸਿੰਘ ਅਤੇ ਟਰੱਸਟ ਅਧੀਨ ਚੱਲਦੇ ਅਦਾਰਿਆਂ ਦਾ ਸਟਾਫ਼ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

# ਜੇ ਇੰਨਾ ਪਿਆਰ ਹੈ ਤਾਂ ਕੁੱਤਿਆਂ ਨੂੰ ਘਰ ਲੈ ਜਾਓ:ਸੁਪਰੀਮ ਕੋਰਟ



ਨਵੀਂ ਦਿੱਲੀ:ਸੁਪਰੀਮ ਕੋਰਟ ਨੇ ਦੇਸ਼ ਵਿੱਚ ਅਵਾਰਾ ਕੁੱਤਿਆਂ ਦੇ ਵਧਦੇ ਹਮਲਿਆਂ 'ਤੇ ਸਖ਼ਤ ਰੁਖ਼ ਅਖਤਿਆਰ ਕਰਦਿਆਂ ਕਿਹਾ ਹੈ ਕਿ ਹੁਣ ਕੁੱਤੇ ਦੇ ਵੱਢਣ ਦੀਆਂ ਘਟਨਾਵਾਂ ਲਈ ਸੂਬਾ ਸਰਕਾਰਾਂ ਨੂੰ 'ਭਾਰੀ ਮੁਆਵਜ਼ਾ' ਦੇਣ ਲਈ ਕਿਹਾ ਜਾਵੇਗਾ।ਜਸਟਿਸ ਵਿਕਰਮ ਨਾਥ, ਸੰਦੀਪ ਮਹਿਤਾ ਅਤੇ ਐਨ.ਵੀ. ਅੰਜਾਰੀਆ ਦੀ ਬੈਂਚ ਨੇ ਪਿਛਲੇ ਪੰਜ ਸਾਲਾਂ ਤੋਂ ਅਵਾਰਾ ਪਸ਼ੂਆਂ ਬਾਰੇ ਨਿਯਮਾਂ ਨੂੰ ਲਾਗੂ ਕਰਨ ਵਿੱਚ ਸਰਕਾਰਾਂ ਦੀ ਨਾਕਾਮੀ 'ਤੇ ਡੂੰਘੀ ਚਿੰਤਾ ਪ੍ਰਗਟਾਈ।ਅਦਾਲਤ ਨੇ ਸਪੱਸ਼ਟ ਕੀਤਾ ਕਿ ਜੇਕਰ ਕੋਈ ਕੁੱਤਾ ਕਿਸੇ ਬੱਚੇ ਜਾਂ ਬਜ਼ੁਰਗ ਨੂੰ ਜ਼ਖ਼ਮੀ ਕਰਦਾ ਹੈ ਜਾਂ ਉਸ ਕਾਰਨ ਮੌਤ ਹੁੰਦੀ ਹੈ, ਤਾਂ ਇਸ ਦੀ ਸਿੱਧੀ ਜ਼ਿੰਮੇਵਾਰੀ ਸੂਬਾ ਸਰਕਾਰ ਦੀ ਹੋਵੇਗੀ ਕਿਉਂਕਿ ਉਹ ਜਨਤਕ ਸੁਰੱਖਿਆ ਦੇ ਨਿਯਮ ਲਾਗੂ ਕਰਨ ਵਿੱਚ ਅਸਫ਼ਲ ਰਹੀ ਹੈ। ਅਦਾਲਤ ਨੇ ਸਿਰਫ਼ ਸਰਕਾਰਾਂ ਨੂੰ ਹੀ ਨਹੀਂ, ਸਗੋਂ ਕੁੱਤਿਆਂ ਨੂੰ ਖਾਣਾ ਖੁਆਉਣ ਵਾਲੇ (ਫੀਡਰਾਂ) ਅਤੇ ਜਾਨਵਰ ਪ੍ਰੇਮੀਆਂ ਨੂੰ ਵੀ ਘੇਰੇ ਵਿੱਚ ਲਿਆ ਹੈ । ਬੈਂਚ ਨੇ ਸਖ਼ਤ ਟਿੱਪਣੀ ਕਰਦਿਆਂ ਕਿਹਾ ਕਿ ਜੇਕਰ ਕੋਈ ਕੁੱਤਾ ਹਮਲਾ ਕਰਦਾ ਹੈ ਤਾਂ ਖਾਣਾ ਖੁਆਉਣ ਵਾਲਿਆਂ ਦੀ ਜਵਾਬਦੇਹੀ ਵੀ ਤੈਅ ਕੀਤੀ ਜਾਵੇਗੀ।ਜਸਟਿਸ ਨਾਥ ਨੇ ਸਵਾਲ ਕੀਤਾ, ਠਜੇਕਰ ਤੁਹਾਨੂੰ ਇਹਨਾਂ ਜਾਨਵਰਾਂ ਨਾਲ ਇੰਨਾ ਪਿਆਰ ਹੈ ਤਾਂ ਤੁਸੀਂ ਇਨ੍ਹਾਂ ਨੂੰ ਆਪਣੇ ਘਰ ਕਿਉਂ ਨਹੀਂ ਲੈ ਜਾਂਦੇ?








ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT $1650
2 PCS SOFA & LOVE SEAT $1650
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ


+91 77175-02848
+91 98146-12006
+91 99882-68982
GE
+1 778-899-1576
+1 778-207-8100
EAGLE EYE
PICK & DROP TAXI SERVICE
CAR RENTALS & TAXI SERVICE
24 HOURS DELHI AIRPORT SERVICE
ONE WAY TAXI
SELF DRIVE
TOUR PACKAGES
Long Route Tour Packages Available With Urbania 17 Seater
SURREY: #256 12899-76Ave
KHANNA: Near Shri Saraswati Sanskrit College Samadhi Rd
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ
ਫਗਵਾੜਾ
ਜਲੰਧਰ
ਨਕੋਦਰ
ਮੋਗਾ
ਅੰਮ੍ਰਿਤਸਰ
ਨਵਾਂ ਸ਼ਹਿਰ
ਲੁਧਿਆਣਾ
ਚੰਡੀਗੜ੍ਹ
ਫਿਲੌਰ
BOOK NOW!
24/7 CUSTOMER SUPPORT
*ਦਿੱਲੀ ਤੋਂ ਪੰਜਾਬ ਵਨ ਵੇਅ ਸਰਵਿਸ
*ਟਰੈਕਿੰਗ ਸਿਸਟਮ *24 ਘੰਟੇ ਸਰਵਿਸ
WE OFFER VARIETY OF CARS OPTION FOR YOUR COMFORT
*ਵੱਡੇ ਪਰਿਵਾਰ ਜਾਂ ਛੋਟੇ ਪਰਿਵਾਰ ਲਈ ਗੱਡੀ
*ਡਰਾਈਵਰ ਜਾਂ ਬਿਨਾ ਡਰਾਈਵਰ ਤੋਂ ਗੱਡੀ ਲੈ ਸਕਦੇ ਹੋ
BOOK CAR RENTALS
UPDOWN 160 DOLLAR TILL LUDHIANA
UPDOWN 200 DOLLAR TILL JALANDHAR
UPDOWN 300 DOLLAR TILL AMRITSAR
TAXI
ONE WAY TAXI SERVICES
FROM DELHI AIRPORT
JALANDHAR
LUDHIANA
HOSHIARPUR
CHANDIGARH
AMRITSAR
MOGA
BEST RATES